# ਵੀਰਾਨ ਧਰਤੀ ਵੀਰਾਨ ਲੋਕ

(ਸਪੇਨੀ ਨਾਟਕ *ਤੰਬਾਕੂ ਰੋਡ* 'ਤੇ ਆਧਾਰਿਤ)

ਨਾਟਕ ਦੀ ਪਹਿਚਾਣ : ਧਰਤੀ ਅਤੇ ਕਿਸਾਨ ਦਾ ਆਪਸੀ ਡੂੰਘਾ ਰਿਸ਼ਤਾ ਹੈ। ਕਿਸਾਨ ਨੇ ਧਰਤੀ ਤੋਂ ਹੀ ਆਪਣੀਆਂ ਲੋੜਾਂ ਪੂਰੀਆਂ ਕਰਨੀਆਂ ਹੁੰਦੀਆਂ ਨੇ। ਆਪਣੇ ਲਈ, ਆਪਣੇ ਬੱਚਿਆਂ ਲਈ ਰੋਟੀ ਪੈਦਾ ਕਰਨੀ ਹੁੰਦੀ ਏ। ਕਿਸਾਨ ਦੀ ਸਾਰੀ ਜ਼ਿੰਦਗੀ ਸੰਕਟ ਵਿਚ ਪੈ ਜਾਂਦੀ ਹੈ ਜੇ ਧਰਤੀ ਨਾਲ ਉਹਦੇ ਰਿਸ਼ਤੇ ਵਿਚ ਤ੍ਰੇੜ ਪੈ ਜਾਏ।

'ਵੀਰਾਨ ਧਰਤੀ, ਵੀਰਾਨ ਲੋਕ' ਨਾਟਕ ਇਸੇ ਤ੍ਰੇੜ ਦੀ ਗਾਥਾ ਹੈ। ਇਹ ਇਕ ਕਿਸਾਨ ਜੀਟਰ ਦੀ ਕਹਾਣੀ ਹੈ। ਇਸ ਕਹਾਣੀ ਦਾ ਪਿਛੋਕੜ ਲਾਤੀਨੀ ਅਮਰੀਕਾ ਦਾ ਇਕ ਪਿੰਡ ਹੈ, ਪਰ ਇਹ ਕਹਾਣੀ ਦੁਨੀਆਂ ਦੇ ਕਿਸੇ ਪਿੰਡ ਦੀ ਵੀ ਹੋ ਸਕਦੀ ਹੈ, ਇਸ ਲਈ ਇਸ ਨਾਟਕ ਦੀ ਬੋਲੀ ਭਾਵੇਂ ਪੰਜਾਬੀ ਹੈ ਪਰ ਇਸ ਨੂੰ ਅਮਰੀਕਾ ਦੇ ਪਿੰਡ ਦੇ ਪਿਛੋਕੜ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਜਿਸ ਤਰ੍ਹਾਂ ਦੱਸਿਆ ਹੈ ਨਾਟਕ ਦਾ ਮੁੱਖ ਪਾਤਰ ਹੈ ਜੀਟਰ। ਇਹ ਫ਼ਸਲ ਬੀਜਦਾ ਸੀ, ਉਹਨੂੰ ਵੱਡਾ ਕਰਦਾ ਸੀ ਤੇ ਪੱਕਣ 'ਤੇ ਆਪਣਾ ਹਿੱਸਾ ਲੈਂਦਾ ਸੀ। ਇਹ ਕਿਸੇ ਵੇਲੇ ਇਕ ਵੱਡੇ ਫਾਰਮ ਵਿਚ ਮੁਜ਼ਾਹਰੇ ਦੇ ਤੌਰ 'ਤੇ ਕੰਮ ਕਰਦਾ ਸੀ। ਇਸ ਤੋਂ ਪਹਿਲੇ ਇਸ ਦਾ ਬਾਪ ਵੀ ਇਸ ਫਾਰਮ 'ਤੇ ਕੰਮ ਕਰਦਾ ਸੀ। ਇਸ ਦਾ ਦਾਦਾ ਵੀ ਇਯੇ ਫਾਰਮ 'ਤੇ ਕੰਮ ਕਰਦਾ ਸੀ। ਫਾਰਮ ਦੀ ਜ਼ਮੀਨ ਫੇਰ ਸੇਮ ਦੀ ਮਾਰ ਥੱਲੇ ਆ ਗਈ। ਇਹ ਧਰਤੀ ਵੀਰਾਨ ਹੋਣੀ ਸ਼ੁਰੂ ਹੋ ਗਈ। ਮਾਲਕ ਇਹ ਫਾਰਮ ਛੱਡ ਕੇ ਚਲੇ ਗਏ ਪਰ ਜੀਟਰ ਉਹ ਧਰਤੀ ਨਾ ਛੱਡ ਸਕਿਆ। ਉਹ ਇਸ ਉਮੀਦ ਵਿਚ ਬੈਠਾ ਰਿਹਾ ਕਿ ਇਸ ਸੇਮ ਮਾਰੀ ਧਰਤੀ 'ਤੇ ਭਾਵੇਂ ਹੁਣ ਦੱਬ ਤੇ ਬੂਟਿਆਂ ਤੋਂ ਸਿਵਾ ਕੁਝ ਨਹੀਂ, ਕਦੀ ਤਾਂ ਉਹ ਫੇਰ ਹੱਲ ਚਲਾਏਗਾ। ਉਹਦੇ ਬੱਚੇ ਇਕ ਇਕ ਕਰਕੇ ਚਲੇ ਗਏ ਪਰ ਉਹ ਉਥੇ ਹੀ ਰਿਹਾ। ਉਹਦੀ ਜ਼ਿੰਦਗੀ ਦੇ ਜਿਸ ਦੌਰ ਦੀ ਇਹ ਕਹਾਣੀ ਹੈ, ਉਸ ਵੇਲੇ ਉਹਦੇ ਕੋਲ ਰਹਿ ਰਹੀ ਉਹਦੀ ਬੱਚਿਆਂ ਦੀ ਮਾਂ ਐਡਾ ਹੈ, ਉਹਦਾ ਇਕ 17-18 ਸਾਲ ਦਾ ਮੁੰਡਾ ਡੂਡੇ ਹੈ। ਨਾਟਕ ਦੀ ਇਕ ਹੋਰ ਪਾਤਰ ਬੇਜ਼ੀ ਹੈ, ਇਹ ਇਕ ਪਰਚਾਰਕ ਔਰਤ ਹੈ, ਇਹਦਾ ਕਿਸਾਨ ਪਤੀ ਮਰ ਚੁੱਕਿਆ ਹੈ। ਹੁਣ ਇਹਨੂੰ ਡੂਡੇ ਦੇ ਸਾਥ ਦੀ ਲੋੜ ਹੈ, ਪਰ ਇਹ ਜੋ ਵੀ ਕੰਮ ਕਰਦੀ ਹੈ ਉਹ ਰੱਬ ਦੀ ਪ੍ਰਾਥਨਾ

ਕਰਕੇ ਕਰਦੀ ਹੈ। ਆਪਣੀ ਹਰ ਇਕ ਖਾਹਸ਼ ਨੂੰ ਆਪਣੇ ਰੱਬ ਦੀ ਖਾਹਸ਼ ਮੰਨ ਕੇ ਪੂਰੀ ਕਰਦੀ ਹੈ। ਰੱਬ ਨਾਲ ਇਹਦਾ ਸਿੱਧਾ ਸੰਪਰਕ ਹੈ। ਇਕ ਹੋਰ ਪਾਤਰ ਲੋਣ ਦਾ ਹੈ। ਇਹ ਜੀਟਰ ਦੀ ਇਕ ਧੀ ਪਰਲ ਨਾਲ ਵਿਆਹਿਆ ਹੋਇਆ ਹੈ, ਪਰ ਪਰਲ ਉਹਨੂੰ ਪਸੰਦ ਨਹੀਂ ਕਰਦੀ। ਨਾਟਕ ਦੇ ਹੋਰ ਪਾਤਰ ਕੈਪਟਨ ਟਿਮ ਅਤੇ ਬੈਂਕ ਵਾਲੇ ਹਨ।

ਮਨੁੱਖੀ ਰਿਸ਼ਤਿਆਂ, ਮਨੁੱਖ ਤਾਂਘਾਂ ਦੀ ਇਹ ਇਕ ਕਹਾਣੀ ਇਕ ਸਪੇਨੀ ਨਾਟਕ ਤਬਾਕੂ ਰੋਡ ਦਾ ਪੰਜਾਬੀ ਰੂਪ ਹੈ। ਇਸ ਦਾ ਇਹ ਰੂਪ ਅੱਜ ਤੋਂ 28 ਸਾਲ ਪਹਿਲਾਂ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਕਲਾਕਾਰ ਲੋਕ ਨਾਥ ਦੀ ਦੇਣ ਹੈ। ਲੋਕ ਨਾਥ ਹੁਣ ਡਾ: ਲੋਕ ਨਾਥ ਹੈ ਤੇ ਮੁਕਤਸਰ ਸਰਕਾਰੀ ਕਾਲਜ ਵਿਚ ਪੰਜਾਬੀ ਦਾ ਪ੍ਰੋਫੈਸਰ ਹੈ। ਪੇਸ਼ ਹੈ ਨਾਟਕ 'ਵੀਰਾਨ ਧਰਤੀ, ਵੀਰਾਨ ਲੋਕ' – ਤੰਬਾਕੂ ਰੋਡ ਦਾ ਪੰਜਾਬੀ ਰੂਪ।

ਪਰਦਾ ਉੱਠਣ 'ਤੇ ਪਿੰਡ ਦੇ ਇਕ ਉੱਜੜੇ ਘਰ ਦਾ ਦ੍ਰਿਸ਼ ਹੈ। ਕੱਚੀਆਂ ਕੰਧਾਂ, ਪੁਰਾਣੇ ਬੂਹੇ, ਕਿਧਰੇ ਕਿਧਰੇ ਖੇਤੀ ਦੇ ਸੰਦ ਅਤੇ ਹੋਰ ਘਰ ਦੀਆਂ ਟੁੱਟੀਆਂ ਭੱਜੀਆਂ ਚੀਜ਼ਾਂ। ਡੂਡੇ ਇਕ ਗੇਂਦ ਨਾਲ ਖੇਡ ਰਿਹਾ ਹੈ। ਕਦੀ ਉਸ ਨੂੰ ਜ਼ਮੀਨ ਨਾਲ ਮਾਰਦਾ ਹੈ, ਕਦੀ ਕੰਧ ਨਾਲ ਮਾਰਦਾ। ਜ਼ੀਟਰ ਮੋਟਰ ਦੇ ਪਹੀਏ ਦੀ ਟਿਊਬ ਨੂੰ ਗੋਡੇ 'ਤੇ ਰੱਖ ਕੇ ਦਬ ਰਿਹਾ ਹੈ, ਜਿਸ ਤਰ੍ਹਾਂ ਪੰਕਚਰ ਲਗਾ ਰਿਹਾ ਹੋਵੇ। ਐਡਾ ਇਕ ਦਰਖਤ ਦੇ ਵੱਡੇ ਵਾਹਨ ਨੂੰ ਖਿਚ ਕੇ ਲਿਆ ਰਹੀ ਹੈ। ਡੂਡੇ ਗੇਂਦ ਸੁੱਟਦਾ ਸੁੱਟਦਾ ਰੁੱਕ ਜਾਂਦਾ ਹੈ।

ਡੂਡੇ : ਮਾਂ, ਪਾਸੇ ਹੋ ਜਾ, ਗੇਂਦ ਲਗ ਗਿਆ ਫੇਰ ਰੌਲਾ ਪਾਏਂਗੀ ਕਿ ਬੁੱਢੀ ਦਾ ਸਿਰ ਭੰਨ ਦਿੱਤਾ।

ਜੀਟਰ : ਓਏ ਕੰਬਖਤਾ, ਤੇਰੀ ਮਾਂ ਏ ਚੱਜ ਨਾਲ ਬੋਲਿਆ ਤੇ ਕਰ।

*(ਡੂਡੇ ਉਹਦੀ ਗੱਲ ਵੱਲ ਧਿਆਨ ਨਹੀਂ ਦੇਂਦਾ ਤੇ ਗੇਂਦ ਜ਼ੋਰ ਨਾਲ ਕੰਧ ਨੂੰ ਮਾਰਦਾ ਏ)*

ਜੀਟਰ : ਤੇ ਵਾਰ ਵਾਰ ਗੇਂਦ ਕੰਧ 'ਤੇ ਕਿਉਂ ਮਾਰ ਰਿਹਾ ਏਂ, ਅੱਗੇ ਹੀ ਡਿੱਗਣ ਵਾਲੀ ਏ।

ਡੂਡੇ : ਡਿੱਗਦੀ ਏ ਤਾਂ ਬਾਪੂ ਡਿੱਗ ਜਾਏ। ਹੁਣ ਇਹਨੇ ਡਿੱਗਣਾ ਈ ਏ ਭਾਵੇਂ ਗੇਂਦ ਨਾਲ ਡਿੱਗ ਜਾਵੇ ਭਾਵੇਂ ਝੱਖੜ ਹਨੇਰੀ ਨਾਲ ਡਿੱਗੇ। ਬਾਪੂ ਸੱਚ ਮੰਨ ਇਹਦੀ ਹਾਲਤ ਵੀ ਤੇਰੇ ਵਾਂਗ ਖਸਤਾ ਏ, ਬਿਲਕੁਲ ਖਸਤਾ।

ਜੀਟਰ : ਓਏ ਅਕਲ ਕਰ ਤੇ ਛੱਡ ਇਸ ਗੇਂਦ ਨੂੰ, ਕੁਝ ਮੇਰੀ ਮਦਦ ਕਰ, ਟਿਊਬ ਠੀਕ ਕਰੀਏ, ਸਾਰਾ ਦਿਨ ਖੇਡਾਂ 'ਚ ਹੀ ਲੱਗਾ ਰਹਿੰਦਾ ਏਂ।

ਡੂਡੇ : ਬਾਪੂ ਹੁਣ ਇਹ ਠੀਕ ਹੋਣੋ ਰਹੀਂ, ਮੈਂ ਕਿਉਂ ਵਕਤ ਜਾਇਆ ਕਰਾਂ। ਉਂਝ ਜੇ ਤੈਨੂੰ ਉਮੀਦ ਏ ਤਾਂ ਲੱਗਿਆ ਰਹਿ। (ਗੇਂਦ ਫੇਰ ਕੰਧ ਨਾਲ ਮਾਰਦਾ ਹੈ)

ਜੀਟਰ : ਮੈਨੂੰ ਹੈਨਰੀ ਨੇ ਇਹ ਗੂੰਦ ਜਿਹੀ ਦਿੱਤੀ ਏ, ਕਹਿੰਦਾ ਸੀ ਰਬੜ ਇਹਦੇ ਨਾਲ ਜੁੜ ਜਾਂਦਾ ਹੈ, ਪਰ ਇਹ ਜੁੜਦਾ ਨਹੀਂ ਪਿਆ। ਸ਼ਾਇਦ ਟਿਊਬ ਦਾ ਰਬੜ ਗਲ ਗਿਆ ਏ।

ਡੂਡੇ : ਬਾਪੂ ਇਸ ਘਰ ਵਿਚ ਹਰ ਇਕ ਚੀਜ਼ ਗਲ ਗਈ ਏ, ਸੜ ਗਈ ਏ, ਭੁਰ ਗਈ ਏ, ਨਾਲੇ ਤੇਰੀ ਉਹ ਕਾਰ ਹੁਣ ਬਿਲਕੁਲ ਨਿਕਾਰੀ ਹੋ ਚੁੱਕੀ ਏ। ਕਬਾੜੀਆਂ ਵੀ ਇਹਨੂੰ ਹੱਥ ਨਹੀਂ ਲਾਉਂਦਾ। ਇਹਦਾ ਹੋਰਨ ਵੀ ਠੀਕ ਨਹੀਂ ਰਿਹਾ ਤੇ ਹੋਰਨ ਬਿਨਾਂ ਕਾਰ ਚਲਾਉਣ ਦਾ ਕੋਈ ਮਜ਼ਾ ਨਹੀਂ।

ਜੀਟਰ : ਤੈਨੂੰ ਕੀ ਪਤੈ ? ਕਿਸੇ ਵੇਲੇ ਇਹਦਾ ਹੋਰਨ ਸਾਰੀਆਂ ਕਾਰਾਂ ਨਾਲੋਂ ਚੰਗਾ ਹੁੰਦਾ ਸੀ, ਕਾਰ ਚਲਦੀ ਵੀ ਸਾਰਿਆਂ ਨਾਲੋਂ ਚੰਗੀ ਸੀ। ਮੈਂ ਤੁਹਾਨੂੰ ਸਾਰੇ ਭੈਣਾਂ ਭਰਾਵਾਂ ਨੂੰ ਇਹਦੇ ਵਿਚ ਬਿਠਾ ਕੇ ਸੈਰ ਲਿਜਾਂਦਾ ਹੁੰਦਾ ਸੀ।

ਡੂਡੇ : ਇਹ ਬੜੀ ਦੇਰ ਪਹਿਲੇ ਦੀਆਂ ਗੱਲਾਂ ਨੇ, ਹੁਣ ਤੇਰੀ ਕਾਰ ਵਿਚ ਕੁਝ ਨਹੀਂ ਰਿਹਾ।

ਜੀਟਰ : ਡੂਡੇ, ਇਹ ਟੁੱਟੀ ਹੋਈ ਕਾਰ ਮੇਰੀ ਜ਼ਾਇਦਾਦ ਦੀ ਸਾਰਿਆ ਨਾਲੋਂ ਆਖਰੀ ਨਿਸ਼ਾਨੀ ਰਹਿ ਗਈ ਏ।

ਡੂਡੇ : ਫੇਰ ਤੂੰ ਇਹਨੂੰ ਛਾਤੀ ਨਾਲ ਲਾ ਕੇ ਰੱਖ। ਬੁੱਢੇ ਪੁਰਾਣੀਆਂ ਚੀਜ਼ਾਂ ਨਾਲ ਮੋਹ ਨਹੀਂ ਛੱਡਦੇ। ਬਾਪੂ ਮੈਂ ਇਕ ਦਿਨ ਨਵੀਂ ਕਾਰ ਲਵਾਂਗਾ, ਜਿਸ ਦਾ ਨਵਾਂ ਹੋਰਨ ਹੋਵੇਗਾ, ਉਹਦੇ 'ਤੇ ਚੜ੍ਹ ਕੇ ਮੈਂ ਸਾਰੇ ਦੇਸ਼ ਦੀ ਸੈਰ ਕਰਾਂਗਾ। (ਗੇਂਦ ਜ਼ੋਰ ਦਾ ਕੰਧ ਨੂੰ ਮਾਰਦਾ ਹੈ))

ਜੀਟਰ : ਮੌਤ ਆਵੇ ਤੈਨੂੰ, ਕਿਉਂ ਕੰਧ ਦਾ ਵੈਰੀ ਹੋ ਗਿਆ ਏ ? ਇਹ ਗੇਂਦ ਪਤਾ ਨਹੀਂ ਕਿਥੋਂ ਤੇਰੇ ਹੱਥ ਆ ਗਈ ਏ।

ਡੂਡੇ : ਇਹ ਮੈਂ ਇਕ ਖਿਡੋਨੇ ਵਾਲੀ ਦੁਕਾਨ ਤੋਂ ਚੋਰੀ ਕਰਕੇ ਲਿਆਇਆਂ ਹਾਂ, ਸ਼ਹਿਰ ਵਿਚ ਮੈਂ ਗਿਆ ਹੀ ਇਸੇ ਕਰਕੇ ਸੀ।

ਜੀਟਰ : ਤੂੰ ਚੋਰੀ ਕਰਕੇ ਲਿਆਇਆ ਏਂ ? ਤੈਨੂੰ ਪਤਾ ਏ ਚੋਰੀ ਸਭ ਤੋਂ ਵੱਡਾ ਪਾਪ ਏ। ਰੱਬ ਕਦੀ ਚੋਰ ਨੂੰ ਮੁਆਫ਼ ਨਹੀਂ ਕਰਦਾ।

ਡੂਡੇ : ਸਭ ਤੋਂ ਵੱਡਾ ਚੋਰ ਤੂੰ ਆਪ ਏਂ, ਦੂਜਿਆਂ ਦੀਆਂ ਚੀਜ਼ਾਂ 'ਤੇ ਤਾੜਦਾ ਰਹਿੰਦਾ ਏਂ ਤੇ ਦਾਅ ਲੱਗਣ 'ਤੇ ਖਿਸਕਾ ਲੈਂਦਾ ਏਂ।

ਜੀਟਰ : ਮੈਂ ਹਮੇਸ਼ਾਂ ਇਸ ਤਰ੍ਹਾਂ ਦਾ ਨਹੀਂ ਹੁੰਦਾ ਸੀ, ਮੈਂ ਇਕ ਮੇਹਨਤੀ ਕਿਸਾਨ ਸਾਂ, ਮੇਹਨਤ ਕਰਨ ਵਾਲੇ ਲੋਕ ਚੋਰ ਨਹੀਂ ਹੁੰਦੇ, ਪਰ ਹੁਣ ਮੇਰੇ ਕੋਲ ਕੁਝ ਨਹੀਂ। ਜਿਸ ਉਤੇ ਮੈਂ ਮੇਹਨਤ ਕਰਾਂ ਮੈਂ ਚੋਰ ਹਾਂ, ਮੈਂ ਪਾਪੀ ਹਾਂ, ਪਰ ਇਕ ਗੱਲ ਏ, ਮੇਰੇ ਤੋਂ ਵੱਧ ਕਦੀ ਕਿਸੇ ਨੇ ਪਾਪ ਦੇ ਪਸ਼ਚਾਤਾਪ ਨਹੀਂ ਕੀਤਾ। ਮੈਂ ਜਦੋਂ ਵੀ ਕੋਈ ਗਲਤੀ ਕਰਾਂ ਰੱਬ ਕੋਲੋਂ ਮੁਆਫ਼ੀ ਜ਼ਰੂਰ ਮੰਗਦਾ ਹਾਂ। ਰੱਬ ਨੂੰ ਮੈਂ ਹਮੇਸ਼ਾਂ ਯਾਦ ਰੱਖਦਾ ਹਾਂ।

ਡੂਡੇ : ਤੂੰ ਰੱਬ ਨੂੰ ਵੀ ਜ਼ਰੂਰ ਯਾਦ ਰੱਖਦਾ ਏ ਤੇ ਚੋਰੀ ਵੀ ਜ਼ਰੂਰ ਕਰਦਾ ਏਂ। ਇਹ ਹਰ ਕੋਈ ਜਾਣਦਾ ਏ, ਰੱਬ ਸਾਰੇ ਚੋਰਾਂ ਦਾ ਆਸਰਾ ਏ। ਕਈ ਵਾਰੀ ਤੂੰ ਕਿਹਾ ਰੱਬਾ ਐਤਕੀ ਮੁਆਫ਼ ਕਰ ਦੇਈਂ ਅਗੇ ਤੋਂ ਨਹੀਂ ਕਰਦਾ, ਪਰ ਤੂੰ ਕਦੀ ਚੋਰੀ ਛੱਡ ਹੀ ਨਹੀਂ ਸਕਿਆ। ਚੱਲ ਤੂੰ ਵੀ ਦੱਸ ਕੀ ਮੈਂ ਗਲਤ ਕਹਿੰਦਾ ਹਾਂ... ਪਰ ਤੂੰ ਕੀ ਦੱਸੇਗਾਂ, ਤੇਰੇ ਕੋਲ ਦੱਸਣ ਲਈ ਕੁਝ ਹੈ ਹੀ ਨਹੀਂ।

ਜੀਟਰ : ਤੂੰ ਠੀਕ ਕਿਹਾ ਏ, ਮੇਰੇ ਕੋਲ ਹੁਣ ਕੁਝ ਨਹੀਂ (ਹੱਥਲੀ ਟਿਊਬ ਸੁੱਟਦਾ ਹੋਇਆ) ਇਹਨੂੰ ਵੀ ਠੀਕ ਕਰਨ ਦਾ ਕੋਈ ਫਾਇਦਾ ਨਹੀਂ, ਮੈਂ ਹੁਣ ਭਾਰ ਢੋਣ ਲਈ ਕੋਈ ਹੋਰ ਤਰੀਕਾ ਸੋਚਾਗਾਂ... ਮੈਂ ਸ਼ਹਿਰ ਜਾ ਕੇ ਇਕ ਰੇੜ੍ਹੀ ਮੰਗ ਲਿਆਵਾਂਗਾ। ਸ਼ਹਿਰ ਤੱਕ ਲਕੜੀ ਢੋਣ ਲਈ ਉਹ ਠੀਕ ਰਹੇਗੀ।

ਡੂਡੇ : ਪਰ ਤੈਨੂੰ ਰੇੜ੍ਹੀ ਦੇਵੇਗਾ ਕੌਣ ? ਤੂੰ ਤਾਂ ਕਿਸੇ ਕੋਲੋਂ ਬੇਰ ਦੀ ਗਿੱਟਕ ਵੀ ਮੰਗੇ ਤਾਂ ਉਹ ਕਿਸੇ ਨੇ ਨਹੀਂ ਦੇਣੀ।

ਜੀਟਰ : ਹਮੇਸ਼ਾਂ ਇਸ ਤਰ੍ਹਾਂ ਨਹੀਂ ਹੁੰਦਾ, ਅੱਗੇ ਸ਼ਹਿਰ ਮੈਂ ਕਿਸੇ ਵੀ ਦੁਕਾਨ 'ਤੇ ਜਾਵਾਂ ਤਾਂ ਮਾਲਕ ਮੈਨੂੰ ਆਪ ਚੀਜ਼ਾਂ ਵੀ ਚੁੱਕਵਾ ਦੇਂਦਾ ਸੀ ਤ ਆਪੇ ਹੀ ਕਹਿ ਦੇਂਦਾ ਸੀ ਜੀਟਰ ਕੋਈ ਗੱਲ ਨਹੀਂ, ਜੇਕਰ ਪੈਸੇ ਨਹੀਂ ਤਾਂ ਫੇਰ ਦੇ ਜਾਵੀਂ (ਹਉਕਾ ਲੈ ਕੇ) ਉਦੋਂ ਮੈਂ ਕਿਸਾਨ ਸਾਂ, ਜ਼ਮੀਨ 'ਤੇ ਹੱਲ ਵਾਹੁਣ ਵਾਲਾ। ਜ਼ਮੀਨ ਜਿਹੜੀ ਫ਼ਸਲ ਪੈਦਾ ਕਰਦੀ ਸੀ। (ਫੇਰ ਬਦਲਕੇ) ਪਰ ਡੂਡੇ ਦੇਖ ਇਹ ਦਿਨ ਹਮੇਸ਼ਾਂ ਨਹੀਂ ਰਹਿਣਗੇ। ਜੇ ਰੇੜ੍ਹੀ ਨਹੀਂ ਤਾਂ ਮੈਂ ਲਕੜੀਆਂ ਪਿੱਠ 'ਤੇ ਵੀ ਢੋਅ ਲਵਾਂਗਾ। ਆਦਮੀ ਨੂੰ ਵੇਹਲਿਆਂ ਨਹੀਂ ਰਹਿਣਾ ਚਾਹੀਦਾ, ਕੁਝ ਨਾ ਕੁਝ ਕਰਦੇ ਰਹਿਣਾ ਚਾਹੀਦਾ ਏ।... ਪਰ ਉਹ ਕਰੇ ਕੀ ? ਇਹ ਰੱਬ ਵੀ ਅਮੀਰਾਂ ਦਾ ਯਾਰ ਏ, ਗਰੀਬਾਂ ਦੇ ਕਿਸੇ ਸਵਾਲ ਦਾ ਉਹਦੇ

ਕੋਲ ਜਵਾਬ ਨਹੀਂ।

*(ਐਡਾ ਆਉਂਦੀ ਹੈ)*

ਐਡਾ : ਜੀਟਰ ਰਾਤੀਂ ਜਿਹੜਾ ਝੱਖੜ ਨਾਲ ਦਰੱਖਤ ਡਿੱਗਿਆ ਮੈਂ ਲਿਆਈ ਹਾਂ। ਇਹ ਵੀ ਤੇ ਪਹਿਲੀਆਂ ਲਕੜੀਆਂ ਵੀ ਲੈ ਕੇ ਤੂੰ ਸ਼ਹਿਰ ਕਦੋਂ ਜਾ ਰਿਹਾ ਏਂ ? ਟਾਹਣੀਆਂ ਦੇ ਛੋਟੇ ਟੋਟੇ ਵੀ ਕਰ ਦਿੱਤੇ ਨੇ, ਜਿਸ ਤਰ੍ਹਾਂ ਟਾਨ ਦੀਆਂ ਲਕੜੀਆਂ ਦੇ ਹੁੰਦੇ ਨੇ।

ਜੀਟਰ : ਖਿਆਲ ਕਰਦਾ ਹਾਂ ਕਲ ਜਾਵਾਂ ਜਾਂ ਫੇਰ ਪਰਸੋਂ।

ਡੂਡੇ : ਮਾਂ ਇਹ ਝੂਠ ਕਹਿੰਦਾ ਏ, ਇਹ ਨਹੀਂ ਜਾਵੇਗਾ, ਇਹਦੀ ਇਸ ਕੰਮ ਵਿਚ ਕੋਈ ਦਿਲਚਸਪੀ ਨਹੀਂ।

ਜੀਟਰ : (ਖੜ ਕੇ) ਹਾਂ ਨਹੀਂ ਹੈਗੀ, ਮੈਂ ਕਿਸਾਨ ਹਾਂ, ਕੋਈ ਲਕੜਹਾਰਾ ਨਹੀਂ।

ਐਡਾ : ਬਸ ਇਹੋ ਤੈਨੂੰ ਮਾਰ ਏ, ਕਿਸਾਨੀ ਤੇਰੇ ਦਿਮਾਗ 'ਚ ਚੜ੍ਹੀ ਏ। ਜੇ ਤੂੰ ਹਰ ਰੋਜ਼ ਥੋੜੀਆਂ ਲਕੜੀਆਂ ਸ਼ਹਿਰ ਲੈ ਜਾਵੇਂ ਤਾਂ ਕੁਝ ਪੈਸੇ ਤਾਂ ਜ਼ਰੂਰ ਆ ਜਾਣ, ਇਹ ਭੁੱਖ ਕਦੋਂ ਤੱਕ ਕੱਟਦੇ ਰਵਾਂਗੇ।

ਜੀਟਰ : ਬਹੁਤ ਦੇਰ ਨਹੀਂ ਇਹ ਜ਼ਮੀਨ ਹਮੇਸ਼ਾਂ ਬੰਜਰ ਨਹੀਂ ਰਹੇਗੀ। ਇਕ ਦਿਨ ਇਹ ਸਾਨੂੰ ਰੋਟੀ ਦੇਵੇਗੀ, ਜਿਸ ਤਰ੍ਹਾਂ ਅੱਗੇ ਦੇਂਦੀ ਸੀ।

ਐਡਾ : ਮੂਰਖਾਂ ਵਾਲੀਆਂ ਆਸਾਂ, ਤੇਰੇ ਨਾਲੋਂ ਤਾਂ ਤੇਰੇ ਬੱਚੇ ਸਿਆਣੇ ਨਿਕਲੇ, ਜ਼ਰਾ ਕੁ ਵੱਡੇ ਹੋਏ ਚੱਲੇ ਗਏ ਤੇ ਕੋਈ ਨਾ ਕੋਈ ਕੰਮ ਲੱਭ ਲਿਆ, ਪਰ ਤੂੰ ਇਹ ਥਾਂ ਨਾ ਛੱਡੀ ਤੇ ਤੇਰੇ ਨਾਲ ਮੈਂ ਵੀ ਭੁੱਖ ਤੇ ਦੁੱਖ ਭੋਗਦੀ ਪਈ ਹਾਂ। ਜੇ ਮੈਂ ਬੁੱਢੀ ਨਾ ਹੁੰਦੀ ਤਾਂ ਕੁਝ ਨਾ ਕੁਝ ਜ਼ਰੂਰ ਕਰ ਲੈਂਦੀ।

ਜੀਟਰ : ਕਿਉਂ ਕੁਫਰ ਤੋਲਦੀ ਏਂ, ਮੇਰੇ ਬਿਨਾਂ ਤੂੰ ਕੀ ਕਰ ਲੈਂਦੀ ?

ਐਡਾ : ਇਥੇ ਭੁੱਖੇ ਮਰਨ ਨਾਲੋਂ ਤਾਂ ਚੰਗਾ ਸੀ ਅਸੀਂ ਕਿਸੇ ਕਾਰਖਾਨੇ ਵਿਚ ਮਜ਼ੂਰੀ ਕਰ ਲੈਂਦੇ, ਘੱਟ ਤੋਂ ਘੱਟ ਰੋਟੀ ਤਾਂ ਖਾਂਦੇ। ਇਥੇ ਤਾਂ ਮੇਰੇ ਤੇ ਕਿਸੇ ਨੇ ਖਫਨ ਵੀ ਨਹੀਂ ਪਾਉਣਾ।

ਡੂਡੇ : (ਦੂਰੋਂ ਹੀ) ਤੂੰ ਫਿਕਰ ਨਾ ਕਰ ਮਾਂ, ਇਹ ਕੰਮ ਮੈਂ ਕਰ ਦੇਵਾਂਗਾ। ਕੋਸ਼ਿਸ਼ ਕਰਾਂਗਾ ਕਿ ਨਵਾਂ ਖਫਨ ਪਾਵਾਂ, ਨਹੀਂ ਤਾਂ ਪੁਰਾਣਾ ਤਾਂ ਪਾ ਹੀ ਦੇਵਾਂਗਾ। ਇਹ ਮਰਨ ਵਾਲਾ ਬਣੇ ਸਹੀ।

ਜੀਟਰ : ਡੂਡੇ, ਤੂੰ ਮੇਰੇ ਲਾਲ ਵਾਅਦਾ ਕਰੇਂ ਕਿ ਤੂੰ ਮੈਨੂੰ ਚੰਗੀ ਕਬਰ 'ਚ ਪਾਏਂਗਾ, ਤੂੰ ਮੇਰਾ ਮੁਰਦਾ ਚੂਹਿਆਂ ਦੀ ਖੁਰਾਕ ਲਈ ਝਾੜੀਆਂ ਵਿਚ ਨਹੀਂ ਸੁੱਟੇਂਗਾ। ਮੇਰਾ ਬਾਪੂ ਖੇਤੀ ਪਿਆ ਰਿਹਾ ਸੀ। ਮਰਨ ਤੋਂ ਬਾਅਦ ਉਹਦਾ ਅੱਧਾ ਮੂੰਹ ਬਿੱਲੇ ਖਾ ਗਏ ਸਨ ਤੇ ਧੜ ਚੂਹੇ। ਮੇਰੇ ਲਾਲ ਵਾਅਦਾ ਕਰ ਕਿ ਤੂੰ ਮੇਰੇ ਨਾਲ ਇਸ ਤਰ੍ਹਾਂ ਨਹੀਂ ਕਰੇਂਗਾ।

ਡੂਡੇ : ਤੈਨੂੰ ਇੰਨੀ ਚਿੰਤਾ ਦੀ ਕੀ ਲੋੜ ਪੇ ਗਈ, ਤੂੰ ਤੇ ਉਦੋਂ ਮੁਰਦਾ ਹੋਵੇਂਗਾ। ਐਵੇਂ ਹੀ ਰੋਈ ਜਾਂਦਾ ਏਂ, ਤੇਰਾ ਮਾਸ ਚੂਹੇ ਖਾਣ ਜਾਂ ਬਿੱਲੇ ਤੈਨੂੰ ਕੀ ਫਰਕ ਪੈਂਦਾ ਏ।

ਜੀਟਰ : ਮੇਰਾ ਬਾਪੂ ਵੀ ਮੁਰਦਾ ਸੀ ਉਦੋਂ, ਪਰ ਮੈਨੂੰ ਪਤਾ ਏ ਕਿ ਉਹਨੇ ਜ਼ਰੂਰ ਗੁੱਸਾ ਕੀਤਾ ਹੋਵੇਗਾ।

ਡੂਡੇ : ਬਾਪੂ ਹੁਣ ਤਾਂ ਖੇਤ 'ਚ ਚੂਹੇ ਵੀ ਨਹੀਂ ਰਹੇ। ਚੂਹੇ ਕਿਥੋਂ ਰਹਿਣਗੇ ਕਿੰਨੇ ਸਾਲਾਂ ਤੋਂ ਤਾਂ ਖੇਤ ਬੰਜਰ ਪਏ ਨੇ, ਗੋਡੇ ਗੋਡੇ ਦੱਬ ਚੜ੍ਹੀ ਏ। ਉਹ ਵੀ ਸਾਰੇ ਮਰ ਖਪ ਗਏ ਹੋਣਗੇ, ਭੁੱਖ ਨਾਲ।

ਜੀਟਰ : ਉਹ ਵਾਪਸ ਆ ਜਾਣਗੇ, ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਮੈਂ ਮਰ ਗਿਆ ਹਾਂ। ਉਹ ਮੈਨੂੰ ਬੋਟੀ ਬੋਟੀ ਕਰਕੇ ਖਾ ਜਾਣਗੇ। ਸ਼ਾਇਦ ਉਹ ਮੇਰੇ ਮਰਨ ਦੀ ਇੰਤਜ਼ਾਰ ਕਰ ਰਹੇ ਹੋਣ।

ਐਡਾ : ਡੂਡੇ ਤੂੰ ਇਹਦੀਆਂ ਗੱਲਾਂ ਵੱਲ ਧਿਆਨ ਨਾ ਦੇ, ਮੇਰੀ ਸੁਣ, ਤੂੰ ਆਪਣੀ ਮਾਂ ਲਈ ਵਧੀਆ ਖਫਨ ਖਰੀਦੀਂ, ਜਿਉਂਦੇ ਜੀਅ ਨਾ ਸਹੀ ਮਰਕੇ ਚੰਗਾ ਕੱਪੜਾ ਪਾ ਕੇ ਦੇਖ ਲਵਾਂਗੀ। ਤੇਰੇ ਬਾਪੂ ਨੇ ਮੈਨੂੰ ਕਦੀ ਵੀ ਚੰਗਾ ਕੱਪੜਾ ਲੈ ਕੇ ਨਹੀਂ ਦਿੱਤਾ। ਤੈਨੂੰ ਮੇਰੀ ਸੌਂਹ ਵੇ ਡੂਡੇ! ਮੇਰੇ ਪੁੱਤਰ, ਮੇਰੇ ਉੱਤੇ ਚੰਗਾ ਖਫਨ ਪਾਈਂ।

ਡੂਡੇ : ਮੈਨੂੰ ਕਿਸੇ ਦੀ ਸੌਂਹ ਸੂੰਹ ਨਹੀਂ।

ਜੀਟਰ : ਮੇਰੇ ਬੱਚੇ, ਮੇਰੀ ਗੱਲ ਸੁਣ।

ਡੂਡੇ : ਮੈਂ ਨਹੀਂ ਸੁਣਦਾ, ਮੈਂ ਤੁਹਾਡੀ ਪਰਵਾਹ ਕਿਉਂ ਕਰਾਂ, ਕੀ ਦਿੱਤਾ ਏ ਤੁਸੀਂ ਮੈਨੂੰ? ਬਾਪੂ ਤੂੰ ਮਰੇਂਗਾ, ਬਹੁਤ ਜਲਦੀ ਮਰੇਂਗਾ ਤੇ ਤੇਰਾ ਮੁਰਦਾ ਰੁਲੇਗਾ ਖੇਤਾਂ 'ਚ। ਤੇਰਾ ਮੁਰਦਾ ਨਾ ਰੁਲਿਆ ਤਾਂ ਮੈਨੂੰ ਕਹੀਂ।

ਜੀਟਰ : ਨਾ ਮੈਂ ਤੈਨੂੰ ਕੀ ਕਹਾਂਗਾ? ਮੈਂ ਤਾਂ ਮਰ ਚੁੱਕਿਆ ਹੋਵਾਂਗਾ। ਜੇ ਤੈਨੂੰ ਪ੍ਰਵਾਹ ਨਹੀਂ ਤਾਂ ਸਾਨੂੰ ਵੀ ਪ੍ਰਵਾਹ ਨਹੀਂ। ਭੌਂਕ ਹੋਰ ਭੌਂਕ, ਆਪਣਾ ਮਨਹੂਸ ਚਿਹਰਾ ਮੇਰੀਆਂ ਅੱਖਾਂ ਤੋਂ ਦੂਰ ਲੈ ਜਾ।

ਡੂਡੇ : ਬਾਪੂ, ਮੈਂ ਚੱਲਿਆਂ ਹਾਂ ਤੇ ਮੇਰੀ ਗੱਲ ਪੱਲੇ ਬੰਨ੍ਹ ਲੈ ਤੂੰ ਮਰੇਂਗਾ, ਤਰਾ ਮੁਰਦਾ ਰੁਲੇਗਾ ਤੇ ਮੈਂ ਦੇਖਾਂਗਾ, ਮੇਂ ਦੇਖਾਂਗਾ।

*(ਬਾਹਰ ਚਲਾ ਜਾਂਦਾ ਹੈ)*

ਜੀਟਰ : ਮੈਂ ਕਹਿੰਦਾ ਹਾਂ ਇਹ ਸਾਡਾ ਸਾਰਿਆਂ ਨਾਲੋਂ ਨਲਾਇਕ ਪੁੱਤਰ ਏ, ਰੱਬ ਨੇ ਵੀ ਪਤਾ ਨਹੀਂ ਇਹਨੂੰ ਅਕਲ ਕਿਉਂ ਨਹੀਂ ਦਿੱਤੀ, ਇਹ ਰੱਬ ਵੀ ਕਈ ਵਾਰੀ ਬੜੀਆਂ ਗਲਤੀਆਂ ਕਰਦਾ ਏ। ਮੇਰੇ ਬਾਰੇ ਵੀ ਗਲਤੀ ਕਰ ਗਿਆ ਉਹ, ਪਤਾ ਨਹੀਂ ਜ਼ਰੂਰ ਕੁਝ ਖ਼ਾਸ ਹੀ ਸੋਚ ਰਿਹਾ ਹੋਣਾ ਏਂ, ਤਾਹਿਉਂ ਤਾਂ ਕੁਝ ਕਰਨ ਵਿਚ ਏਨੀਂ ਦੇਰ ਲਾ ਰਿਹਾ

ਏ।

ਐਡਾ : ਜੇਕਰ ਤੇਰੇ ਉਸ ਰੱਬ ਨੇ ਜਲਦੀ ਕੁਝ ਨਾ ਕੀਤਾ ਤਾਂ ਅਸੀਂ ਭੁੱਖੇ ਮਰ ਜਾਵਾਂਗੇ, ਸਹਾਰੀ ਨਹੀਂ ਜਾਂਦੀ ਹੁਣ ਮੇਰੇ ਕੋਲੋਂ ਇਹ ਭੁੱਖ।

ਜੀਟਰ : ਮੈਨੂੰ ਪਤਾ ਏ, ਤੁਹਾਨੂੰ ਬੁੱਢੀਆਂ ਨੂੰ ਭੁੱਖ ਵੀ ਜਹਾਨੋਂ ਵੱਧ ਲਗਦੀ ਏ, ਮੈਨੂੰ ਤੇਰੇ ਨਾਲ ਹਮਦਰਦੀ ਏ।

ਐਡਾ : ਅੱਜ ਮੈਨੂੰ ਆਪਣੇ ਸਾਰੇ ਬੱਚੇ ਯਾਦ ਆ ਰਹੇ ਨੇ, ਪਤਾ ਨਹੀਂ ਕਿਥੇ ਹੋਣਗੇ, ਐਸੇ ਗਏ ਕਦੀ ਮਿਲਣ ਹੀ ਨਹੀਂ ਆਏ। ਪਰਲ ਸਾਰਿਆਂ ਨਾਲੋਂ ਨੇੜੇ ਏ, ਉਹ ਵੀ ਵਿਆਹ ਤੋਂ ਬਾਅਦ ਕਦੀ ਨਹੀਂ ਆਈ। ਨਿਰਮੋਹੀ ਦੀ ਬੜੀ ਰੌਣਕ ਸੀ ਜਦੋਂ ਦੀ ਗਈ ਏ ਘਰ ਸੁੰਞਾ ਸੁੰਞਾ ਲੱਗਦਾ ਏ। ਤੇਰਾ ਕੀ ਖਿਆਲ ਏ ?

ਜੀਟਰ : ਉਹ ਸੁੱਖੀ ਹੀ ਹੋਣੀ ਏ, ਲੋਣ ਮਾੜਾ ਬੰਦਾ ਨਹੀਂ।

ਐਡਾ : ਹਾਂ ਕੁੜੀਆਂ ਜਦੋਂ ਸੁਖੀ ਹੋਣ ਤਾਂ ਫੇਰ ਉਹਨਾਂ ਨੂੰ ਮਾਪਿਆਂ ਦੀ ਯਾਦ ਘੱਟ ਆਉਂਦੀ ਏ, ਤੂੰ ਕਿਹਾ ਲੋਣ ਮਾੜਾ ਬੰਦਾ ਨਹੀਂ ਹੋਣਾ ਏ, ਬੰਦੇ ਦੇ ਚੰਗੇ ਮੰਦੇ ਦੀ ਅਸਲੀ ਪਰਖ ਤਾਂ ਉਦੋਂ ਹੁੰਦੀ ਏ ਕਿ ਉਹ ਆਪਣੀ ਘਰ ਵਾਲੀ ਨਾਲ ਕਿਹੋ ਜਿਹਾ ਸਲੂਕ ਕਰਦਾ ਹੈ।

ਜੀਟਰ : ਇਹ ਠੀਕ ਏ, ਇਹ ਤਾਂ ਵਾਹ ਪੈਣ ਲਾਲ ਹੀ ਪਤਾ ਲੱਗਦੈ।

ਐਡਾ : ਭਾਵੇਂ ਉਹ ਲੋਣ ਨੂੰ ਛੱਡ ਕੇ ਹੀ ਚਲੀ ਗਈ ਹੋਵੇ, ਨਹੀਂ ਤਾਂ ਮਿਲਣ ਆ ਹੀ ਜਾਂਦੀ।

ਜੀਟਰ : ਨਈਂ ਇਹੋ ਜਿਹਾ ਕੋਈ ਡਰ ਨਹੀਂ। ਜਿਸ ਤਰ੍ਹਾਂ ਆਦਮੀ ਧਰਤੀ ’ਤੇ ਜੰਮਿਆ ਤਾਂ ਉਸ ਨੂੰ ਧਰਤੀ ’ਤੇ ਰਹਿਣਾ ਹੀ ਪੈਂਦਾ ਏ, ਅਸੀਂ ਉਸ ਨੂੰ ਲੋਣ ਲਾਲ ਵਿਆਹਿਆ ਏ, ਉਹਨੂੰ ਲੋਣ ਨਾਲ ਰਹਿਣਾ ਹੀ ਪਵੇਗਾ। ਭਾਵੇਂ ਲੋਣ ਜਦੋਂ ਪਿਛਲੀ ਵਾਰ ਆਇਆ ਸੀ, ਥੋੜੀ ਸ਼ਿਕਾਇਤ ਕਰਦਾ ਸੀ।

ਐਡਾ : ਪਰ ਤੂੰ ਕਿਹੜਾ ਉਹਦੀ ਗੱਲ ਸੁਣੀ ਸੀ। ਤੇਰੀ ਨਜ਼ਰ ਤਾਂ ਉਹਦੇ ਥੈਲੇ ਵਿਚ ਪਈ ਸ਼ਕਰ ਵੱਲ ਹੀ ਸੀ।

ਜੀਟਰ : ਪਰ ਉਹ ਅੱਜਕੱਲ ਵਿਚ ਜ਼ਰੂਰ ਆਏਗਾ, ਕਿਉਂਕਿ ਉਹ ਜਿਹੜੀ ਗੱਲ ਕਰਨਾ ਚਾਹੁੰਦਾ ਸੀ ਕਰ ਨਹੀਂ ਸਕਿਆ ਸੀ। (ਬਾਹਰ ਦੇਖ ਕੇ) ਪਰ ਇਹ ਡੂਡੇ ਕਾਹਲੀ ਕਾਹਲੀ ਕਿਉਂ ਆ ਰਿਹਾ ਹੈ ?

ਐਡਾ : ਹਾਂ ਸ਼ੈਤਾਨ ਬਾਰੇ ਸੋਚੋਂ ਤਾਂ ਉਹ ਸਾਹਮਣੇ ਆ ਜਾਂਦਾ ਏ ਤੇ ਦੇਖ ਉਹ ਦੇਖ ਲੋਣ ਆ ਰਿਹਾ ਏ, ਹੋ ਸਕਦਾ ਏ ਉਹ ਪਰਲ ਬਾਰੇ ਹੀ ਕੋਈ ਗੱਲ ਕਰਨ ਆਇਆ ਹੋਵੇ।

ਡੂਡੇ : ਬਾਪੂ ਲੋਣ ਆ ਰਿਹਾ ਏ ਤੇ ਤੈਨੂੰ ਇਹ ਵੀ ਦੱਸਾਂ, ਅੱਜ ਉਹਦੇ ਹੱਥ

ਵਿਚ ਫੇਰ ਇਕ ਟੋਕਰੀ ਏ।

ਜੀਟਰ : ਹੋਵੇ ਪਈ ਮੈਨੂੰ ਕੀ ?

ਡੂਡੇ : ਤੈਨੂੰ ਸਭ ਕੁਝ ਏ, ਕਿਉਂਕਿ ਜੇਕਰ ਉਹਨੇ ਤੈਨੂੰ ਕੁਝ ਨਾ ਦਿੱਤਾ ਤਾਂ ਤੂੰ ਚੋਰੀ ਕਰਨ ਦੀ ਕੋਸ਼ਿਸ਼ ਤਾਂ ਜ਼ਰੂਰ ਕਰੇਂਗਾ। ਇਹਦਾ ਮੈਨੂੰ ਪਤਾ ਏ।

ਜੀਟਰ : ਚੋਰੀ ਕਰਨਾ ਸਭ ਤੋਂ ਵੱਡਾ ਪਾਪ ਏ, ਚੋਰੀ ਕਰਨ ਵਾਲੇ ਨੂੰ ਰੱਬ ਕਦੀ ਮੁਆਫ਼ ਨਹੀਂ ਕਰਦਾ। ਡੂਡੇ ਧਿਆਨ ਨਾਲ ਵੇਖ ਲੋਣ ਦੇ ਹੱਥ ਵਿਚ ਸੱਚਮੁੱਚ ਟੋਕਰੀ ਏ ?

ਡੂਡੇ : (ਬਾਹਰ ਵੇਖਦੇ ਹੋਏ) ਬਾਪੂ ਉਹਨੇ ਇਕ ਵੱਡਾ ਥੈਲਾ ਮੋਢੇ 'ਤੇ ਪਾਇਆ ਹੋਇਆ ਏ, ਜ਼ਰੂਰ ਕੁਝ ਨਾ ਕੁਝ ਉਹਦੇ ਵਿਚ ਹੋਵੇਗਾ। ਉਹਨੇ ਇਕ ਟੋਕਰੀ ਵੀ ਚੁੱਕੀ ਹੋਈ ਏ, ਟੋਕਰੀ ਵਿਚ ਵੀ ਜ਼ਰੂਰ ਕੁਝ ਨਾ ਕੁਝ ਹੋਵੇਗਾ।

ਜੀਟਰ : ਕੀ ਕਿਹਾ ਟੋਕਰੀ ? ਟੋਕਰੀ ਵਿਚ ਭਲਾ ਕੀ ਹੋ ਸਕਦੈ ?

ਡੂਡੇ : ਕੁਝ ਤੇ ਜ਼ਰੂਰ ਹੋਵੇਗਾ। ਕੋਈ ਖਾਲੀ ਟੋਕਰੀ ਤਾਂ ਚੁੱਕਦਾ ਨਹੀਂ ਫਿਰਦਾ।

ਜੀਟਰ : ਫੇਰ ਸਾਰੇ ਆਪਣੀ ਆਪਣੀ ਥਾਂ ਬੈਠ ਜਾਓ। ਐਡਾ ਤੂੰ ਉਹਦੇ ਨਾਲ ਪਰਲ ਬਾਰੇ ਗੱਲਾਂ ਕਰੀਂ, ਫੇਰ ਉਹਨੂੰ ਆਪਣੇ ਨੇੜੇ ਬੁਲਾ ਪਈਂ, ਜਿਸ ਤਰ੍ਹਾਂ ਪਰਲ ਬਾਰੇ ਕੋਈ ਐਸੀ ਗੱਲ ਕਰਨਾਂ ਚਾਹੁੰਦੀ ਹੋਵੇਂ ਜਿਹੜੀ ਰਾਜ਼ ਵਾਲੀ ਹੋਵੇ, ਜਿਸ ਤਰ੍ਹਾਂ ਪੁੱਛ ਰਹੀ ਹੋਵੇਂ ਕਿ ਉਹਦੇ ਭੈਰ ਭਾਰੇ ਹੋਏ ਨੇ ਕਿ ਨਹੀਂ ? ਜਾਂ ਇਹੋ ਜਿਹੀ ਕੋਈ ਹੋਰ ਐਸੀ ਗੱਲ ਜਿਹੜੀ ਜ਼ਾਹਰ ਤੌਰ 'ਤੇ ਮੇਰੇ ਸਾਹਮਣੇ ਨਾ ਕਹੀ ਜਾ ਸਕਦੀ ਹੋਵੇ।

ਡੂਡੇ : ਏਨੇਂ ਚਿਰ ਵਿਚ ਬਾਪੂ ਦਾਅ ਲਗਾ ਕੇ ਟੋਕਰੀ ਵਿਚੋਂ ਜੋ ਕੁਝ ਖਿਸਕਾਣਾ ਹੋਵੇਗਾ ਖਿਸਕਾ ਲਵੇਗਾ। ਭਾਵੇਂ ਬਾਪੂ ਨੂੰ ਪਤਾ ਏ ਚੋਰੀ ਕਰਨਾ ਪਾਪ ਏ ਤੇ ਰੱਬ ਚੋਰ ਨੂੰ ਮੁਆਫ਼ ਨਹੀਂ ਕਰਦਾ ਹੁੰਦਾ।

ਜੀਟਰ : ਉਏ ਜੇ ਭੁੱਖਾ ਬੰਦਾ ਚੋਰੀ ਕਰੇ ਤਾਂ ਰੱਬ ਮੁਆਫ਼ ਕਰ ਦੇਂਦਾ ਹੁੰਦਾ ਏ, ਇਹਦਾ ਵੀ ਮੈਨੂੰ ਪਤਾ ਏ। ਡੂਡੇ ਤੈਨੂੰ ਪੱਕਾ ਪਤਾ ਏ ਉਹਦੇ ਥੈਲੇ ਵਿਚ ਸ਼ਕਰਕੰਦੀ ਹੀ ਹੋਵਗੀ ਤੇ ਟੋਕਰੀ ਵਿਚ ਕੀ ਹੋਵੇਗਾ ? ਤੂੰ ਠੀਕ ਕਹਿ ਰਿਹਾ ਹੈ ਕਿ ਕੋਈ ਖਾਲੀ ਟੋਕਰੀ ਐਵੇਂ ਥੋੜਾ ਚੁੱਕੀ ਫਿਰਦਾ ?

*(ਲੋਣ ਬੂਹੇ 'ਤੇ ਆ ਜਾਂਦਾ ਹੈ)*

ਜੀਟਰ : ਓ ਲੋਣ ਤੂੰ ?

ਲੋਣ : ਹਾਂ ਮੈਂ ?

ਜੀਟਰ : ਫੇਰ ਲੰਘ ਆ, ਬੂਹੇ 'ਤੇ ਕਿਉਂ ਖੜਾ ਏਂ ? ਇਹ ਹੱਥਾਂ ਦਾ ਭਾਰ ਹਲਕਾ ਕਰ, ਅਸੀਂ ਤੇਰਾ ਰਾਹ ਹੀ ਤੱਕਦੇ ਪਏ ਸਾਂ, ਪਰਲ ਕੈਸੀ ਏ ?

*(ਲੋਣ ਚੁੱਪ ਹੈ)*

ਐਡਾ : ਉਹ ਠੀਕ ਏ ਨਾ, ਲੋਣ

ਲੋਣ : ਮੈਂ ਉਹਦੇ ਬਾਰੇ ਹੀ ਗੱਲ ਕਰਨ ਆਇਆਂ ਹਾਂ।

ਜੀਟਰ : ਫਿਰ ਬਹਿ ਜਾ ਨਾ, ਟੋਕਰੀ ਰੱਖ ਦੇ ਗੱਲਾਂ ਕਰਦਿਆਂ ਇਹਨੂੰ ਚੁੱਕੀ ਤੇ ਨਹੀਂ ਰੱਖਣਾ।

*(ਲੋਣ ਅੱਗੇ ਲੰਘਦਾ ਏ, ਟੋਕਰੀ ਰੱਖਦਾ ਹੈ)*

ਜੀਟਰ : (ਲਲਚਾਈ ਅੱਖਾਂ ਨਾਲ ਦੇਖਦੇ) ਪਰ ਟੋਕਰੀ 'ਚ ਹੈ ਕੀ ? ਮੇਰਾ ਖਿਆਲ ਏ ਸ਼ਕਰਕੰਦੀ ਹੋਣੀ ਏਂ।

ਲੋਣ : ਮੈਂ ਤੁਹਾਡੇ ਨਾਲ ਪਰਲ ਬਾਰੇ ਗੱਲ ਕਰਨੀ ਏਂ, ਸ਼ਕਰਕੰਦੀ ਬਾਰੇ ਨਹੀਂ।

ਐਡਾ : ਉਹ ਠੀਕ ਏ ਨਾ ?

ਲੋਣ : (ਗੁੱਸੇ 'ਚ) ਮੈਂ ਤਾਂ ਉਹਨੂੰ ਸਮਝ ਹੀ ਨਹੀਂ ਸਕਦਾ।

*(ਟੋਕਰੀ ਅੱਗੇ ਬੈਠ ਜਾਂਦਾ ਹੈ)*

ਜੀਟਰ : ਤੂੰ ਉੱਤੇ ਤਖ਼ਤਪੋਸ਼ 'ਤੇ ਕਿਉਂ ਨਹੀਂ ਬੈਠਦਾ, ਇਹ ਵੀ ਕੋਈ ਥਾਂ ਏ ਬੈਠਣ ਵਾਲੀ ?

ਲੋਣ : ਮੈਂ ਇਥੇ ਹੀ ਠੀਕ ਹਾਂ।

ਜੀਟਰ : ਤੇਰੇ ਦਿਲ 'ਚ ਕੋਈ ਗੁਬਾਰ ਏ, ਜੋ ਤੂੰ ਕੱਢਣਾ ਚਾਹੁੰਦਾ ਏਂ ?

ਲੋਣ : ਹਾਂ ਜ਼ਰੂਰ ਗੁਬਾਰ ਏ ਪਰਲ ਬਾਰੇ, ਬਸ ਮੈਂ ਤਾਂ ਪਰਲ ਬਾਰੇ ਗੱਲਾਂ ਕਰਨੀਆਂ ਨੇ।

ਜੀਟਰ : ਅੱਛਾ ਪਰ ਉਹਨੇ ਕੀ ਕੀਤਾ ਏ ?

ਲੋਣ : ਉਹੋ ਕੁਝ ਜੋ ਉਹ ਹਮੇਸ਼ਾਂ ਕਰਿਆ ਕਰਦੀ ਏ, ਜਦੋਂ ਦੀ ਉਹ ਮੇਰੇ ਨਾਲ ਏ, ਉਹਨੇ ਮੈਨੂੰ ਦੁੱਖੀ ਕੀਤਾ ਹੋਇਆ ਏ।

ਜੀਟਰ : ਪਰਲ ਆਪਣੀ ਮਾਂ ਵਰਗੀ ਏ, ਉਹਦੀ ਮਾਂ ਵੀ ਇਸੇ ਤਰ੍ਹਾਂ ਮੈਨੂੰ ਦੁੱਖੀ ਕਰਿਆ ਕਰਦੀ ਸੀ ਉਸ ਉਮਰੇ।

ਐਡਾ : ਕੀ ਤੂੰ ਉਹਦੇ ਨਾਲ ਠੀਕ ਸਲੂਕ ਕਰਦਾ ਏ ?

ਲੋਣ : ਐਹੋ ਜਿਹੀ ਤਾਂ ਕੋਈ ਗੱਲ ਨਹੀਂ, ਉਹਦੇ ਨਾਲ ਮੇਰਾ ਬਕਾਇਦਾ ਵਿਆਹ ਹੋਇਆ ਏ, ਕੀ ਨਹੀਂ ਹੋਇਆ।

ਜੀਟਰ : ਪਰ ਕੁਝ ਦੱਸ ਵੀ।

ਲੋਣ : ਜੀਟਰ, ਜਦੋਂ ਮੈਨੂੰ ਉਹਦੇ ਕੋਲ ਜਾਂਦਾ ਹਾਂ ਤਾਂ ਉਹ ਮੇਰੇ ਤੋਂ ਦੂਰ

ਨੱਸਦੀ ਏ। ਮੈਂ ਤਖ਼ਤਪੋਸ਼ ’ਤੇ ਸੌਵਾਂ ਤਾਂ ਉਹ ਥੱਲੇ ਸੌਂਦੀ ਏ, ਮੈਂ ਥੱਲੇ ਸੌਵਾਂ ਤਾਂ ਉਹ ਤਖ਼ਤਪੋਸ਼ ’ਤੇ ਸੌਂਦੀ ਏ। ਮੇਰੇ ਨਾਲ ਕੋਈ ਗੱਲ ਨਹੀਂ ਕਰਦੀ। ਮਰਜ਼ੀ ਹੋਵੇ ਤਾਂ ਰੋਟੀ ਪਕਾਉਂਦੀ ਏ, ਨਾ ਮਰਜ਼ੀ ਹੋਵੇ ਨਹੀਂ ਪਕਾਉਂਦੀ।

ਜੀਟਰ : ਇਹ ਤਾਂ ਬੜੀ ਮਾੜੀ ਗੱਲ ਏ। ਤੇਰੇ ਖਿਆਲ ’ਚ ਫੇਰ ਤੈਨੂੰ ਕੀ ਕਰਨਾ ਚਾਹੀਦੈ?

ਲੋਣ : ਮੈਨੂੰ ਪਤਾ ਹੁੰਦਾ ਤਾਂ ਮੈਂ ਤੁਹਾਡੇ ਕੋਲ ਕੀ ਕਰਨਾ ਆਉਂਦਾ?

ਜੀਟਰ : ਤੂੰ ਇਹ ਖਾਣਾ ਨਾ ਬਣਾਉਣ ਵਾਲੀ ਗੱਲ ਮਾੜੀ ਏ, ਚਲੋ ਔਹ ਬੋਲਣ ਨਾ ਬੋਲਣ ਵਾਲੀ ਖਾਸ ਨਹੀਂ। ਉਹਦੀ ਮਾਂ ਵੀ ਉਸ ਉਮਰ ਵਿਚ ਘੱਟ ਬੋਲਦੀ ਸੀ। ਪਰ ਪਰਲ ਨੂੰ ਖਾਣਾ ਜ਼ਰੂਰ ਬਣਾਉਣਾ ਚਾਹੀਦਾ ਏ।

ਲੋਣ : ਮੈਂ ਚਾਹੁੰਦਾ ਹਾਂ ਕਿ ਪਰਲ ਮੇਰੇ ਨਾਲ ਗੱਲਾਂ ਕਰੇ। ਜਦੋਂ ਮੈਂ ਘਰ ਵਾਪਸ ਆਵਾਂ ਤਾਂ ਕੋਈ ਕੰਮ ਬਾਰੇ ਪੁੱਛੇ, ਕੋਈ ਝੱਖੜ ਹਨੇਰੀ ਦੀ ਗੱਲ ਕਰੇ। ਮੈਨੂੰ ਕਵੇ ਕਿ ਮੇਰੀ ਸ਼ੇਵ ਵਧੀ ਹੋਈ ਏ, ਮੇਰੇ ਵਾਲ ਕਟਾਉਣ ਵਾਲੇ ਨੇ। ਹੋਰ ਵੀ ਤਾਂ ਘਰ ’ਚ ਕਈ ਗੱਲਾਂ ਕਰਨ ਨੂੰ ਹੁੰਦੀਆਂ ਨੇ, ਪਰ ਉਹ ਤਾਂ ਗੂੰਗੀ ਬਣੀ ਰਹਿੰਦੀ ਏ।

ਜੀਟਰ : ਹੋ ਸਕਦਾ ਏ ਤੂੰ ਉਹਨੂੰ ਠੀਕ ਤਰੀਕੇ ਨਾਲ ਮਨਾਇਆ ਨਾ ਹੋਵੇ, ਲੋਣ ਤੂੰ ਅਜੇ ਉਮਰ ’ਚ ਮੈਥੋਂ ਬਹੁਤ ਛੋਟਾ ਏ, ਮੇਰਾ ਬੜੀਆਂ ਔਰਤਾਂ ਨਾਲ ਵਾਹ ਪਿਆ ਏ...।

ਐਡਾ : ਕੀ ਕਿਹਾ? ਇਕ ਵਾਰ ਫੇਰ ਕਹਿ ਨਾ।

ਜੀਟਰ : (ਗੱਲ ਬਦਲਦਾ ਹੋਇਆ) ਮੇਰਾ ਮਤਲਬ ਏ ਔਰਤ ਬੜੀ ਗੁੰਝਲਦਾਰ ਸ਼ੈਅ ਏ, ਮਰਦ ਵਿਚਾਰੇ ਨੂੰ ਬਹੁਤੀ ਵਾਰ ਪਤਾ ਹੀ ਨਹੀਂ ਲਗਦਾ ਕਿ ਉਹ ਕੀ ਕਰੇ ਤੇ ਕੀ ਨਾ ਕਰੇ।

ਲੋਣ : ਮੈਂ ਤਾਂ ਹਰ ਤਰੀਕਾ ਵਰਤ ਕੇ ਵੇਖ ਲਿਆ ਏ, ਮਾਰ ਕੇ ਵੀ, ਕੁੱਟ ਕੇ ਵੀ, ਜਦੋਂ ਮੈਂ ਉਹਨੂੰ ਕੁੱਟਦਾ ਹਾਂ ਤਾਂ ਉਹ ਚੀਖਦੀ ਏ ਪਰ ਬੋਲਦੀ ਫੇਰ ਵੀ ਮੇਰੇ ਨਾਲ ਨਹੀਂ।

ਐਡਾ : ਤੂੰ ਉਹਨੂੰ ਕੁੱਟਦਾ ਵੀ ਏਂ?

ਲੋਣ : ਤੂੰ ਮੈਨੂੰ ਇਸ ਤਰ੍ਹਾਂ ਗੁੱਸੇ ਨਾਲ ਨਾ ਪੁੱਛ। ਮੈਨੂੰ ਪਤਾ ਏ ਮੇਰਾ ਕੀ ਹੱਕ ਏ, ਆਖਿਰ ਉਹ ਮੇਰੀ ਪਤਨੀ ਏ, ਭਾਵੇਂ ਉਹ ਮੈਨੂੰ ਕੋਈ ਮੌਕਾ ਨਹੀਂ ਦੇਂਦੀ ਕਿ ਮੈਂ ਸਾਬਤ ਕਰ ਸਕਾਂ ਕਿ ਮੈਂ ਉਹਦਾ ਪਤੀ ਹਾਂ। ਗਵਾਂਢੀ ਵੀ ਮੇਰਾ ਮਖੌਲ ਬਣਾਉਂਦੇ ਨੇ।

ਜੀਟਰ : ਇਹ ਤਾਂ ਵਾਕਈ ਸੋਚਣ ਵਾਲੀ ਗੱਲ ਏ। ਰੱਬ ਨੇ ਔਰਤ ਅਤੇ ਮਰਦ

ਨੂੰ ਇਕ ਦੂਜੇ ਲਈ ਬਣਾਇਆ ਹੋਇਆ ਏ, ਰੱਬ ਦੇ ਕਾਨੂੰਨ ਵਿਚ ਜੇਕਰ ਵਿਘਨ ਪੈ ਜਾਏ ਤਾਂ ਇਹ ਦੁਨੀਆਂ ਚੱਲ ਹੀ ਨਹੀਂ ਸਕਦੀ। ਐਡਾ ਤੂੰ ਹੀ ਲੋਣ ਨੂੰ ਦੱਸ ਕਿ ਇਹਨੂੰ ਕੀ ਕਰਨਾ ਚਾਹੀਦਾ ਏ... ਜੇ ਕੋਈ ਐਸੀ ਗੱਲ ਏ ਜਿਹੜੀ ਮੇਰੇ ਸਾਹਮਣੇ ਨਹੀਂ ਹੋ ਸਕਦੀ ਤਾਂ ਲੋਣ ਨੂੰ ਪਾਸੇ ਲੈ ਜਾ। ਔਰਤਾਂ ਦੀਆਂ ਰਮਜ਼ਾਂ ਬਹੁਤੀਆਂ ਔਰਤਾਂ ਹੀ ਸਮਝਦੀਆਂ ਨੇ। ਲੋਣ ਮੈਨੂੰ ਤੇਰੇ 'ਤੇ ਬੜਾ ਤਰਸ ਆ ਰਿਹਾ ਏ। ਬੰਦਾ ਆਪਣਾ ਧਿਆਨ ਟੋਕਰੀ ਵਿਚ ਪਈ ਸ਼ਕਰਕੰਦੀ ਵੱਲ ਲਾਈ ਰੱਖਦਾ ਹੈ ਪਰ ਜ਼ਿੰਦਗੀ ਦੀਆਂ ਖੁਸ਼ੀਆਂ ਉਹਦੇ ਕੋਲੋਂ ਦੂਰ ਹੁੰਦੀਆਂ ਜਾਂਦੀਆਂ ਹਨ। ਐਡਾ ਲੋਣ ਨੂੰ ਉਸ ਪਾਸੇ ਲੈ ਜਾ, ਅਕਲਮੰਦ ਨੂੰ ਇਸ਼ਾਰਾ ਹੀ ਕਾਫੀ ਹੁੰਦਾ ਹੈ। ਜਾ ਲੋਣ ਘੜੀ ਦਾ ਖੁੱਥਾ ਫੇਰ ਕੋਹਾਂ 'ਤੇ ਪੈ ਜਾਂਦਾ ਹੈ।

*(ਲੋਣ ਉੱਠਦਾ ਹੈ, ਐਡਾ ਦੇ ਪਿਛੇ ਪਿਛੇ ਜਾਂਦਾ ਹੈ, ਜੀਟਰ ਦਾਅ ਮਾਰ ਕੇ ਟੋਕਰੀ ਚੁੱਕ ਕੇ ਬਾਹਰ ਭੱਜਦਾ ਹੈ।*

ਲੋਣ : (ਮੁੜ ਕੇ) ਜੀਟਰ ਮੈਂ ਕਹਿੰਦਾ ਹਾਂ ਇਹ ਟੋਕਰੀ ਰੱਖ ਦੇ।

ਜੀਟਰ : (ਦੂਰੋਂ ਹੀ) ਤੂੰ ਐਡਾ ਕੋਲੋਂ ਸਾਰੀ ਗੱਲ ਸਮਝ ਕਿ ਤੂੰ ਪਰਲ ਦਾ ਪਤੀ ਕਿਸ ਤਰ੍ਹਾਂ ਬਣ ਸਕਦਾ ਏਂ ਜੇ ਤੂੰ ਤਖ਼ਤਪੋਸ਼ 'ਤੇ ਸੋਵੇਂ ਤਾ ਉਹ ਭੁੱਜੇ ਨਾ ਹੋਵੇਂ। ਤੈਨੂੰ ਐਡਾ ਦੇ ਮਸ਼ਵਰੇ ਦੀ ਲੋੜ ਏ ਤੇ ਮੈਨੂੰ ਇਸ ਸ਼ਕਰਕੰਦੀ ਦੀ।

ਲੋਣ : ਜੀਟਰ, ਮੇਰੀ ਟੋਕਰੀ ਮੈਨੂੰ ਵਾਪਸ ਕਰ ਦੇ।

ਜੀਟਰ : ਮੈਂ ਕਿਸੇ ਵੇਲੇ ਤੈਨੂੰ ਇਕ ਦੀ ਥਾਂ ਦੋ ਵਾਪਸ ਕਰ ਦੇਵਾਂਗਾ, ਪਰ ਹੁਣ..

*(ਜੀਟਰ ਬਾਹਰ ਨੱਸ ਜਾਂਦਾ ਹੈ, ਲੋਣ ਵੀ ਜਾਂਦਾ ਹੈ)*

ਡੂਡੇ : ਲੋਣ ਵਾਪਸ ਆ ਜਾ ਹੁਣ ਤੂੰ ਬਾਪੂ ਨੂੰ ਨਹੀਂ ਪਕੜ ਸਕੇਂਗਾ।

ਐਡਾ : ਡੂਡੇ ਤੇਰੇ ਬਾਪੂ ਨੇ ਇਹ ਚੰਗਾ ਨਹੀਂ ਕੀਤਾ।

ਡੂਡੇ : ਕਿਉਂ ਚੰਗਾ ਨਹੀਂ ਕੀਤਾ? ਲੋਣ ਨੂੰ ਚਾਹੀਦਾ ਸੀ ਕਿ ਕੁਝ ਸ਼ਕਰਕੰਦੀ ਆਪ ਹੀ ਦੇ ਦੇਂਦਾ।

ਐਡਾ : ਉਹ ਹੁਣ ਜਾ ਕੇ ਪਰਲ ਨੂੰ ਮਾਰੇਗਾ।

(ਜੀਟਰ ਦੂਜੇ ਪਾਸੇ ਕੰਧ ਤੋਂ ਇਧਰ ਉਧਰ ਦੇਖਦਾ ਏ)

ਜੀਟਰ : ਕੀ ਲੋਣ ਚਲਿਆ ਗਿਆ ਏ?

ਡੂਡੇ : ਉਹ ਤੇਰੇ ਮਗਰ ਗਿਆ ਸੀ।

ਜੀਟਰ : ਪਰ ਮੈਂ ਝਕਾਨੀ ਦੇ ਕੇ ਆ ਗਿਆ ਹਾਂ। ਇਹ ਲੈ ਸ਼ਕਰਕੰਦੀ, ਦੋ ਤੁੜੀਆਂ ਆਪ ਖਾ ਲੈ, ਦੋ ਮਾਂ ਨੂੰ ਦੇ ਦੇ। ਫਿਕਰ ਨਾ ਕਰੋ ਖਾ ਲਵੋ,

ਭਾਵੇਂ ਚੋਰੀ ਕਰਨਾ ਪਾਪ ਏ, ਪਰ ਤੁਹਾਨੂੰ ਮੈਂ ਇਸ ਪਾਪਾ ਦਾ ਭਾਗੀਦਾਰ ਨਹੀਂ ਹੋਣ ਦਿਆਂਗਾ। ਰੱਬ ਨੂੰ ਕਵਾਂਗਾ ਕਿ ਇਹ ਪਾਪਾ ਮੈਂ ਤੇ ਸਿਰਫ਼ ਮੈਂ ਕੀਤਾ ਹੈ, ਇਹਦੀ ਸਜ਼ਾ ਜੇ ਦੇਣੀ ਤਾਂ ਮੈਨੂੰ ਤੇ ਸਿਰਫ਼ ਮੈਨੂੰ ਦੇ। ਪਰ ਉਹ ਹੋਰ ਸਜ਼ਾ ਦੇ ਵੀ ਕੀ ਸਕਦਾ ਏ ? ਉਹਨੇ ਮੇਰੇ ਖੇਤਾਂ ਨੂੰ ਬੰਜਰ ਕਰ ਦਿੱਤਾ ਏ, ਇਕ ਕਿਸਾਨ ਨੂੰ ਚੋਰ ਬਣਾ ਦਿੱਤਾ, ਇਸ ਤੋਂ ਵੱਡੀ ਸਜ਼ਾ ਭਲਾ ਕੀ ਹੋ ਸਕਦੀ ਹੈ ? ਰੱਬ ਆਪ ਵੀ ਕਸੂਰਵਾਰ ਏ ਬੰਦਾ ਤਾਂ ਉਹਦੇ ਹੁਕਮ ਦਾ ਬੱਝਿਆ ਹੁੰਦਾ ਏ। (ਉਹ ਕੰਧ ਟੱਪ ਕੇ ਆ ਜਾਂਦਾ ਹੈ, ਡੂਡੇ ਤੇ ਐਡਾ ਸ਼ਕਰਕੰਦੀ ਖਾਂਦੇ ਹਨ।) ਖਾ ਲਵੋ, ਮੈਂ ਚੋਰੀ ਕੀਤੀ ਏ, ਪਰ ਮੈਂ ਚੋਰ ਨਹੀਂ ਮੈਂ ਤਾਂ ਕਿਸਾਨ ਹਾਂ, ਮੈਂ ਮੇਹਨਤ ਕਰਨਾ ਚਾਹੁੰਦਾ ਹਾਂ, ਕਿਸੇ ਵੇਲੇ ਇਹ ਸ਼ਕਰਕੰਦੀ ਦੇ ਢੇਰ ਦੇ ਢੇਰ ਮੈਂ ਆਪਣੇ ਹੱਥਾਂ ਨਾਲ ਪੈਦਾ ਕਰਦਾ ਸਾਂ, ਪਰ ਜੇਕਰ ਧਰਤੀ ਹੀ ਸੇਮ ਨੇ ਬੰਜਰ ਕਰ ਦਿੱਤੀ ਏ ਤਾਂ ਮੈਂ ਕੀ ਕਰਾਂ। ਮੈਂ ਲੋਣ ਦੀ ਦਿੱਤੀ ਸ਼ਕਰਕੰਦੀ ਖਾਧੀ ਜਿਹਦਾ ਬਦਲਾ ਮੈਂ ਜ਼ਰੂਰ ਚੁਕਾਵਾਂਗਾ। ਮੈਂ ਜਾ ਕੇ ਪਰਲ ਨੂੰ ਸਮਝਾਵਾਂਗਾ ਕਿ ਉਹ ਲੋਣ ਨਾਲ ਗੱਲਾਂ ਕਰੇ, ਉਹਦੀ ਰੋਟੀ ਪਕਾਵੇ, ਜੇਕਰ ਲੋਣ ਤਖ਼ਤਪੋਸ਼ 'ਤੇ ਸੋਵੇਂ ਤਾਂ ਉਹ ਭੁੰਜੇ ਨਾ ਸੋਵੇਂ, ਹਾਂ ਹਾਂ ਮੈਂ ਉਹਨੂੰ ਸਮਝਾਵਾਂਗਾ ਕਿ ਉਹ ਪਤਨੀ ਵਾਲੇ ਸਾਰੇ ਫਰਜ਼ ਨਿਭਾਵੇ। ਲੋਣ ਨੂੰ ਸੁੱਖ ਦੇਵੇ, ਮੈਂ ਲੋਣ ਦੀ ਸ਼ਕਰਕੰਦੀ ਖਾਧੀ ਏ, ਮੈਂ ਲੋਣ ਲਈ ਇਹ ਕੰਮ ਜ਼ਰੂਰ ਕਰਾਂਗਾ। ਰੱਬ ਵੀ ਮੇਰਾ ਇਹ ਚੰਗਾ ਕੰਮ ਦੇਖ ਕੇ ਮੈਨੂੰ ਮੁਆਫ਼ ਕਰ ਦੇਵੇਗਾ। ਉਹ ਦਿਲੋਂ ਮਾੜੀ ਨਹੀਂ।

*(ਬੈਜ਼ੀ ਪਰਚਾਰਕ ਆਉਂਦੀ ਏ)*

ਬੈਜ਼ੀ : ਇਹ ਲੋਣ ਏਨੀਂ ਤੇਜ਼ੀ ਨਾਲ ਕਿਧਰ ਭੱਜ ਕੇ ਜਾ ਰਿਹਾ ਸੀ ?

ਜੀਟਰ : ਉਹ ਮੈਨੂੰ ਪਕੜਣ ਜਾ ਰਿਹਾ ਸੀ। ਜਿਸ ਤਰ੍ਹਾਂ ਕਿਸੇ ਚੋਰ ਨੂੰ ਪਕੜਣਾ ਹੁੰਦਾ ਹੈ। ਪਰ ਝਕਾਵੀਂ ਦੇ ਕੇ ਏਧਰ ਆ ਗਿਆਂ, ਹੁਣ ਆਪਣੇ ਘਰ ਤੱਕ ਭੱਜਦਾ ਹੀ ਜਾਵੇਗਾ। ਉਹਨੂੰ ਪਰਲ ਦੀ ਲੋੜ ਏ ਤੇ ਮੈਨੂੰ ਸ਼ਕਰਕੰਦੀ ਦੀ।

ਬੈਜ਼ੀ : ਜੀਟਰ, ਤੂੰ ਫੇਰ ਚੋਰੀ ਕੀਤੀ ਏ ? ਤੂੰ ਸਭ ਤੋਂ ਵੱਡਾ ਗੁਨਾਹਗਾਰ ਏਂ। ਕੀ ਤੂੰ ਜਿਹੜੀ ਸ਼ਕਰਕੰਦੀ ਚੁਰਾਈ ਏ ਉਹਦੇ ਵਿਚੋਂ ਕੁਝ ਬਚੀ ਏ?

ਜੀਟਰ : ਹਾਂ, ਮੈਂ ਇਹ ਤੈਨੂੰ ਦੇ ਸਕਦਾ ਜੇਕਰ ਇਹਦੇ ਬਦਲੇ ਤੂੰ ਰੱਬ ਨੂੰ ਕਹਿ ਦੇਵੀ ਕਿ ਉਹ ਮੈਨੂੰ ਮੁਆਫ਼ ਕਰ ਦੇਵੇ। ਤੁਹਾਡੀਆਂ ਪਰਚਾਰਕਾਂ ਦੀ ਉਸਦੇ ਨਾਲ ਸਿੱਧੇ ਗੱਲਬਾਤ ਹੁੰਦੀ ਏ।

*(ਬੈਜ਼ੀ ਨੂੰ ਇਕ ਸ਼ਕਰਕੰਦੀ ਦਿੰਦਾ ਹੈ)*

ਬੈਜ਼ੀ : ਇਹਦੇ ਲਈ ਮੈਂ ਤੇਰਾ ਧੰਨਵਾਦ ਕਰਦੀ ਹਾਂ, ਰੱਬ ਨੂੰ ਜ਼ਰੂਰ ਆਖਾਂਗੀ ਤੈਨੂੰ ਮੁਆਫ਼ ਕਰ ਦੇਵੇ, ਮੈਂ ਕਿੰਨੇ ਚਿਰ ਤੋਂ ਭੁੱਖੀ ਸਾਂ, ਐਨਾਂ ਪੈਂਡਾ ਮਾਰ ਕੇ ਆਈ ਹਾਂ, ਚੰਗੀ ਹੋਈਆ ਚੁਰਾ ਲਈ ਏ ਸਮਾਂ ਤਾਂ ਸਾਰਿਆਂ ਲਈ ਇਕੋ ਜਿਹਾ ਹੁੰਦਾ ਏ। ਭੁੱਖ ਤੇ ਸਾਰਿਆਂ ਨੂੰ ਲੱਗਦੀ ਹੈ।

*(ਬੈਜ਼ੀ ਸ਼ਕਰਕੰਦੀ ਖਾਂਦੀ ਹੈ)*

ਜੀਟਰ : ਤੂੰ ਸ਼ਕਰਕੰਦੀ ਖਾ ਲਈ ਏ, ਇਹ ਚੋਰੀ ਦੀ ਸੀ। ਇਹਦਾ ਗੁਨਾਹਗਾਰ ਮੈਂ ਹਾਂ, ਹੋਰ ਕੋਈ ਨਹੀਂ, ਭਾਵੇਂ ਖਾਧੀ ਡੂਡੇ ਨੇ ਵੀ ਹੈ, ਐਡਾ ਨੇ ਵੀ ਤੇ ਤੂੰ ਵੀ। ਇਸ ਲਈ ਰੱਬ ਨੂੰ ਪ੍ਰਾਥਨਾ ਹੁਣੇ ਹੀ ਕਰ ਦੇ ਕਿ ਮੈਨੂੰ ਮੁਆਫ਼ ਕਰ ਦੇਵੇ। ਰੱਬ ਨਾਲ ਉਧਾਰ ਕਰਨਾ ਚੰਗਾ ਨਹੀਂ। ਨਕਦ ਪਾਪ ਕਰੋ, ਨਕਦ ਮੁਆਫ਼ੀ ਮੰਗ ਲਵੋ, ਇਹੋ ਚੰਗਾ ਹੁੰਦਾ ਹੈ।

ਬੈਜ਼ੀ : ਹਾਂ ਰੱਬ ਨੇ ਕਰੋੜਾਂ ਲੋਕਾਂ ਨੂੰ ਮੁਆਫ਼ ਕਰਨਾ ਹੁੰਦਾ ਹੈ, ਧਰਤੀ 'ਤੇ ਪਾਪ ਬੜਾ ਵੱਧ ਗਿਆ ਹੈ, ਉਹ ਭੁੱਲ ਵੀ ਸਕਦਾ ਹੈ।

*(ਕੱਪੜਾ ਵਿਛਾਉਂਦੀ ਹੈ, ਕਰਾਸ ਦਾ ਬਣਾਂਦੀ ਹੈ, ਪ੍ਰਾਥਨਾ ਕਰਦੀ ਹੈ।)*

ਪ੍ਰਾਥਨਾ : ਰੱਬਾ, ਤੂੰ ਦੁਨੀਆਂ ਦਾ ਮਾਲਕ ਏਂ, ਮੈਂ ਇਕ ਪਾਪੀ ਦੀ ਤੇਰੇ ਕੋਲ ਸਿਫਾਰਸ਼ ਲੈ ਕੇ ਆਈ ਹਾਂ। ਪਿਛਲੀ ਵਾਰ ਤੂੰ ਇਸ ਪਾਪੀ ਨੂੰ ਮੁਆਫ਼ ਕਰ ਦਿੱਤਾ ਸੀ, ਪਰ ਹੁਣ ਉਹਨੇ ਫੇਰ ਲੋਣ ਦੀ ਸ਼ਕਰਕੰਦੀ ਚੁਰਾ ਲਈ ਹੈ। ਉਹ ਉਹਨੇ ਆਪ ਵੀ ਲਈ ਤੇ ਹੋਰਨਾਂ ਨੂੰ ਵੀ ਖਵਾ ਦਿੱਤੀ ਏ, ਇਹ ਪਾਪ ਏ, ਪਰ ਉਸ ਨੇ ਇਹ ਪਾਪ ਦੀ ਸਾਰੀ ਜਿੰਮੇਵਾਰੀ ਆਪਣੇ 'ਤੇ ਲੈ ਲਈ ਏ। ਰੱਬਾ ਕੀ ਤੂੰ ਉਹਦੀ ਆਦਤ ਛੁੱਡਾ ਨਹੀਂ ਸਕਦਾ ? ਉਹ ਆਪ ਛੱਡਣੀ ਚਾਹੁੰਦਾ ਏ, ਪਰ ਚਾਹੁੰਦਿਆਂ ਹੋਇਆਂ ਵੀ ਨਹੀਂ ਛੱਡ ਸਕਦਾ। ਇਹ ਤਾਂ ਕਿਸੇ ਸ਼ੈਤਾਨ ਦਾ ਕੰਮ ਹੀ ਹੋ ਸਕਦਾ ਹੈ। ਤੂੰ ਹੀ ਉਸ ਸ਼ੈਤਾਨ ਕੋਲੋਂ ਜੀਟਰ ਦਾ ਪਿੱਛਾ ਛੁਡਾ। ਇਹ ਕੰਮ ਤੂੰ ਹੀ ਕਰ ਸਕਦਾ ਏਂ। ਜੀਟਰ ਇਹਦੇ ਬਦਲੇ ਜ਼ਰੂਰ ਕੁਝ ਨਾ ਕੁਝ ਤੇਰੀ ਭੇਟਾ ਕਰੇਗਾ। ਉਹ ਮੈਨੂੰ ਇਕ ਸ਼ਕਰਕੰਦੀ ਹੋਰ ਦੇ ਦੇਵੇਗਾ ਤਾਂ ਜੋ ਉਹ ਮੈਂ ਤੈਨੂੰ ਪੁਚਾ ਦੇਵਾਂ।

*(ਜੀਟਰ ਉਹਨੂੰ ਇਕ ਸ਼ਕਰਕੰਦੀ ਦੇਂਦਾ ਹੈ, ਉਹ ਉਸ ਨੂੰ ਆਪਣੇ ਥੈਲੇ ਵਿਚ ਪਾ ਲੈਂਦੀ ਹੈ।)*

ਐਡਾ : ਬੈਜ਼ੀ ਭੈਣ ਪਰਲ ਲਈ ਵੀ ਜ਼ਰੂਰ ਪ੍ਰਾਥਨਾ ਕਰ ਦੇ। ਹੁਣ ਸ਼ਕਰਕੰਦੀ

ਚੁਰਾਈ ਜੀਟਰ ਨੇ ਹੈ। ਖਾਧੀ ਸਾਰਿਆਂ ਨੇ ਹੈ, ਪਰ ਲੋਣ ਇਹਦੇ ਲਈ ਘਰ ਪੁੱਜ ਕੇ ਮਾਰੇਗਾ ਪਰਲ ਨੂੰ, ਕਿਉਂਕਿ ਬੰਦੇ ਦਾ ਜਦੋਂ ਕੋਈ ਹੋਰ ਵੱਸ ਨਾ ਚਲੇ ਤਾਂ ਉਹ ਸਾਰਾ ਗੁੱਸਾ ਆਪਣੀ ਘਰਵਾਲੀ 'ਤੇ ਕੱਢਦਾ ਹੈ। ਪਰਲ ਨੂੰ ਰੱਬ ਦੀ ਮਦਦ ਦੀ ਬੜੀ ਲੋੜ ਏ।

ਬੈਜ਼ੀ : ਮੈਂ ਹੁਣ ਉਹ ਕੁਝ ਕਰਨ ਲੱਗੀ ਸਾਂ, ਜੀਟਰ ਦੀ ਖਾਤਿਰ ਵਿਚਾਰੀ ਪਰਲ ਨੂੰ ਮਾਰ ਖਾਣੀ ਪੈਂਦੀ ਏ।

ਜੀਟਰ : ਨਹੀਂ ਬੈਜ਼ੀ, ਐਸੀ ਤਾਂ ਕੋਈ ਗੱਲ ਨਹੀਂ, ਉਹ ਆਪਣੀਆਂ ਗਲਤੀਆਂ ਕਰਕੇ ਹੀ ਮਾਰ ਖਾਂਦੀ ਏ।

ਬੈਜ਼ੀ : ਉਸ ਨੇ ਕੀ ਕੀਤਾ ਏ ਜੀਟਰ, ਕੋਈ ਗੁਨਾਹ ਤਾਂ ਨਹੀਂ ਕੀਤਾ?

ਜੀਟਰ : ਲੋਣ ਨੇ ਮੈਨੂੰ ਬਹੁਤ ਕੁਝ ਦੱਸਿਆ ਏ। ਉਹ ਉਹਨੂੰ ਆਪਣੇ ਨੇੜੇ ਨਹੀਂ ਲੱਗਣ ਦੇਂਦੀ, ਇਹ ਗੱਲ ਇਕ ਪਤਨੀ ਲਈ ਬੜੀ ਮਾੜੀ ਏ।

ਬੈਜ਼ੀ : ਜੀਟਰ ਉਹ ਅਜੇ ਬੱਚੀ ਏ। ਵਿਆਹੁਤਾ ਜੀਵਨ ਬਾਰੇ ਹਾਲੇ ਉਸ ਨੂੰ ਬਹੁਤ ਪਤਾ ਨਹੀਂ। ਮੈਂ ਉਸ ਨਾਲ ਜਾ ਕੇ ਗੱਲ ਕਰਾਂਗੀ, ਰੱਬ ਇਸ 'ਚ ਕੁਝ ਨਹੀਂ ਕਰ ਸਕਦਾ। ਮੈਂ ਕਰ ਸਕਦੀ ਹਾਂ ਕਿਉਂਕਿ ਮੈਂ ਉਸ ਜੀਵਨ 'ਚ ਗੁਜਰ ਚੁੱਕੀ ਹਾਂ। ਜਦੋਂ ਦਾ ਮੇਰਾ ਘਰਵਾਲਾ ਗੁਜ਼ਰਿਆ ਏ, ਉਦੋਂ ਤੋਂ ਮੈਂ ਇਹ ਕੰਮ ਕਰ ਰਹੀ ਆਂ। ਮੈਨੂੰ ਇਸ ਬਾਰੇ ਡੂੰਘਾ ਗਿਆਨ ਏ। ਰੱਬ ਨੂੰ ਕੀ ਪਤਾ ਇਸ ਮਾਮਲੇ ਵਿਚ ਕੀ ਕਰਨਾ ਏ ਤੇ ਕੀ ਨਹੀਂ ਕਰਨਾ।

ਜੀਟਰ : ਚੰਗਾ, ਤੂੰ ਆਪ ਜਾ ਕੇ ਗੱਲ ਕਰੀ। ਉਂਝ ਜੇਕਰ ਰੱਬ ਆਪ ਕਰ ਲੈਂਦਾ ਤਾਂ ਚੰਗੀ ਗੱਲ ਸੀ ਕਿਉਂਕਿ ਇਹ ਖ਼ਾਸ ਗੱਲ ਏ ਤੇ ਖ਼ਾਸ ਗੱਲਾਂ ਰੱਬ ਨੂੰ ਸਿੱਧੀਆਂ ਹੀ ਕਰਨੀਆਂ ਚਾਹੀਦੀਆਂ ਨੇ। (ਡੂਡੇ ਗੇਂਦ ਕੰਧ 'ਤੇ ਮਾਰਦਾ ਹੈ) ਡੂਡੇ ਵੇਖਦਾ ਨਹੀਂ, ਬੈਜ਼ੀ ਦੁਆ ਪਈ ਕਰਦੀ ਏ, ਤੂੰ ਆਪਣੀਆਂ ਖੇਡਾਂ ਪਿਆ ਖੇਡਦਾ ਏਂ (ਉਪਰ ਵੱਲ ਮੂੰਹ ਕਰਕੇ) ਓਏ ਰੱਬਾ ਇਹਨੂੰ ਵੀ ਕੋਈ ਅਕਲ ਦੇਦੇ।

ਡੂਡੇ : ਤੂੰ ਧਿਆਉਂਦਾ ਰਹਿ ਰੱਬ ਨੂੰ, ਮੈਨੂੰ ਨਹੀਂ ਕਿਸੇ ਰੱਬ ਦੀ ਲੋੜ।

ਬੈਜ਼ੀ : ਨਹੀਂ ਡੂਡੇ, ਇਸ ਤਰ੍ਹਾਂ ਨਹੀਂ ਕਹੀਦਾ (ਫੇਰ ਦੁਆ ਵਾਲੀ ਮੁਦਰਾ ਵਿਚ) ਰੱਬਾ ਹੁਣ ਮੈਂ ਤੇਰੇ ਨਾਲ ਇਕ ਖ਼ਾਸ ਗੱਲ ਕਰਨ ਲੱਗੀ ਹਾਂ। ਮੈਂ ਉਨ੍ਹਾਂ ਚਿਰ ਕੋਈ ਗੱਲ ਨਹੀਂ ਕਰਦੀ, ਜਿਨ੍ਹਾਂ ਚਿਰ ਪਾਣੀ ਸਿਰ ਤੋਂ ਦੀ ਨਾ ਲੰਘ ਜਾਏ। ਮੈਂ ਚਾਹੁੰਦੀ ਹਾਂ ਪਰਲ ਦੀਆਂ ਆਦਤਾਂ ਬਦਲ ਜਾਣ, ਉਹ ਆਪਣੇ ਘਰਵਾਲੇ ਨੂੰ ਸਾਰੀਆਂ ਉਹ ਖੁਸ਼ੀਆਂ ਦੇਵੇ ਜੋ ਇਕ ਪਤਨੀ ਨੂੰ ਦੇਣੀਆਂ ਚਾਹੀਦੀਆਂ ਹਨ। ਜੇ ਲੋਣ

ਤਖ਼ਤਪੋਸ਼ ’ਤੇ ਸੋਵੇਂ ਤਾਂ ਪਰਲ ਵੀ ਉਹਦੇ ਨਾਲ ਤਖ਼ਤਪੋਸ਼ ’ਤੇ ਸੋਇਆਂ ਕਰੇ, ਭੁੱਜੇ ਨਹੀਂ। ਜਦੋਂ ਮੈਂ ਇਕ ਪਤਨੀ ਸਾਂ ਤਾਂ ਮੈਂ ਇਸ ਤਰ੍ਹਾਂ ਹੀ ਕਰਿਆ ਕਰਦੀ ਸਾਂ। ਮੈਂ ਆਪਣੇ ਕਿਸਾਨ ਪਤੀ ਦੀਆਂ ਖਾਹਸ਼ਾਂ ਦਾ ਪੂਰਾ ਖਿਆਲ ਰੱਖਦੀ ਸਾਂ ਤੇ ਰੱਬਾ ਮੈਂ ਹੁਣ ਨਵਾਂ ਘਰਵਾਲਾ ਲੱਭ ਰਹੀ ਹਾਂ, ਉਹਦਾ ਵੀ ਇਸੇ ਤਰ੍ਹਾਂ ਖਿਆਲ ਰੱਖਾਂਗੀ।

ਜੀਟਰ : ਬੈਜ਼ੀ ਕੀ ਕਹਿ ਰਹੀ ਸੈਂ, ਮੈਂ ਸੁਣਿਆ ਨਹੀਂ, ਕੀ ਕਿਸੇ ਨਾਲ ਵਿਆਹ ਕਰਨ ਦੀ ਸੋਚ ਰਹੀ ਏਂ ?

ਬੈਜ਼ੀ : ਹਾਂ, ਪਰ ਕੋਈ ਦਿਸਦਾ ਨਹੀਂ ਪਿਆ, ਕਰਾਂ ਤੇ ਕਿਸ ਨਾਲ ਕਰਾਂ ?

ਜੀਟਰ : ਪਰ ਮੈਂ ਇਸ ਵਿਚ ਕੁਝ ਨਹੀਂ ਕਰ ਸਕਦਾ, ਐਡਾ ਦੇ ਹੁੰਦਿਆਂ ਹੋਇਆਂ।

ਬੈਜ਼ੀ : ਕੀ ਬਕਦਾ ਏਂ, ਤੈਨੂੰ ਕਿਸ ਨੇ ਪਸੰਦ ਕੀਤਾ, ਆਪਣੀ ਉਮਰ ਵੱਲ ਵੇਖ।

ਜੀਟਰ : ਬੈਜ਼ੀ, ਮੈਂ ਵੇਖਣ ਵਿਚ ਭਾਵੇਂ ਬੁੱਢਾ ਹਾਂ ਪਰ ਉਸ ਤਰ੍ਹਾਂ ਜਵਾਨ ਆਂ।

*(ਬੈਜ਼ੀ ਫਿਰ ਪ੍ਰਾਥਨਾਂ ਦੀ ਮੁਦਰਾ ਵਿਚ।)*

ਬੈਜ਼ੀ : ਰੱਬਾ ਸਾਨੂੰ ਸ਼ੈਤਾਨ ਕੋਲੋਂ ਬਚਾ ਤੇ ਨਾਲ ਜੀਟਰ ਕੋਲੋਂ ਵੀ। ਇਕ ਮਿੰਟ ਠਹਿਰੀ ਰੱਬਾ ਮੈਂ ਡੂਡੇ ਬਾਰੇ ਕਹਿਣਾ ਭੁੱਲ ਗਈ ਸਾਂ, ਉਸ ਸਾਰੇ ਮੈਂ ਬਹੁਤ ਕੁਝ ਕਹਿਣਾ ਏ।

ਡੂਡੇ : ਨਹੀਂ ਮੇਰੇ ਬਾਰੇ ਕਿਸੇ ਨੂੰ ਕੁਝ ਕਹਿਣ ਦੀ ਲੋੜ ਨਹੀਂ।

ਜੀਟਰ : ਓਏ ਲੋੜ ਹੀ ਤੈਨੂੰ ਏ। ਅਸੀਂ ਤੇ ਜਿਹੜੇ ਪਾਪ ਕਰਨੇ ਸਨ, ਕਰ ਲਏ ਤੇ ਮੁਆਫ਼ੀ ਵੀ ਮੰਗ ਲਈ, ਤੂੰ ਹਾਲੇ ਕਰਨੇ ਨੇ।

ਬੈਜ਼ੀ : ਨਹੀਂ, ਇਹ ਨਹੀਂ ਕਰੇਗਾ, ਕਦੀ ਵੀ ਨਹੀਂ ਕਰੇਗਾ, ਇਹ ਤਾਂ ਚੰਗਾ ਮੁੰਡਾ ਏ। ਇਹ ਤਾਂ ਪ੍ਰਚਾਰਕ ਬਣੇਗਾ ਤੇ ਸਭ ਪ੍ਰਚਾਰਕਾਂ ਤੋਂ ਵੱਡਾ ਪ੍ਰਚਾਰਕ। ਮੇਰਾ ਕਿਸਾਨ ਪਤੀ ਵੀ ਇਸ ਉਮਰ ’ਚ ਇਸਦੇ ਵਰਗਾ ਹੁੰਦਾ ਸੀ, ਹੁਣ ਡੂਡੇ ਮੈਨੂੰ ਬਿਲਕੁਲ ਉਸਦੇ ਵਰਗਾ ਲੱਗ ਰਿਹਾ ਏ।

ਜੀਟਰ : ਠਹਿਰ ਜਾ, ਕਿਧਰੇ ਤੈਨੂੰ ਰੱਬ ਨੇ ਇਹ ਤਾਂ ਨਹੀਂ ਕਹਿ ਦਿੱਤਾ ਕਿ ਤੂੰ ਡੂਡੇ ਨਾਲ ਵਿਆਹ ਕਰ ਲੈ।

ਬੈਜ਼ੀ : ਹਾਲੀ ਮੈਂ ਉਹਦੇ ਕੋਲੋਂ ਪੁੱਛਿਆ ਨਹੀਂ, ਪਰ ਉਹ ਜਾਣਦਾ ਏ ਕਿ ਡੂਡੇ ਬਹੁਤ ਵਧੀਆ ਪ੍ਰਚਾਰਕ ਬਣ ਸਕਦਾ ਏ। ਉਹ ਉਨ੍ਹਾਂ ਹੀ ਚੰਗਾ ਬਣ ਜਾਏਗਾ ਜਿੰਨਾਂ ਮੇਰਾ ਕਿਸਾਨ ਪਤੀ ਸੀ। ਉਹ ਹੀ ਮੇਰੇ ਕਾਬਲ ਹੋ ਸਕਦਾ ਏ ਜੋ ਮੇਰੇ ਨਾਲ ਰਹੇ ਤੇ ਪ੍ਰਚਾਰ ਕਰੇ, ਰੱਬ ਮੇਰੇ

ਨਾਲ ਜ਼ਰੂਰ ਸਹਿਮਤ ਹੋਵੇਗਾ ਕਿਉਂ ਡੂਡੇ ?

ਡੂਡੇ : ਵੇਖੀ ਜਾਏਗੀ।

ਜੀਟਰ : ਇਹ ਕਿਉਂ ਇਤਰਾਜ਼ ਕਰੇਗਾ ? (ਉਹਦੇ ਕੋਲ ਜਾ ਕੇ) ਤੇਰੀ ਤਾਂ ਕਿਸਮਤ ਖੁੱਲ ਗਈ। ਹੁਣ ਤੂੰ ਕਦੀ ਭੁੱਖਾ ਨਹੀਂ ਮਰੇਂਗਾ। ਇਸ ਧਰਤੀ 'ਤੇ ਇਕ ਕਿਸਾਨ ਭੁੱਖਾ ਮਰ ਸਕਾ ਏ, ਰੱਬ ਦਾ ਪ੍ਰਚਾਰਕ ਨਹੀਂ।

*(ਬਾਹਰੋਂ ਹੈਨਰੀ ਦੀ ਅਵਾਜ਼ ਆਉਂਦੀ ਹੈ।)*

ਹੈਨਰੀ : ਜੀਟਰ, ਜੀਟਰ, ਕਿਥੇ ਐਂ, ਤੇਰੇ ਲਈ ਖ਼ਬਰ ਲਿਆਇਆਂ ਹਾਂ ਜੀਟਰ

: ਖ਼ਬਰ ? ਮੈਂ ਆਇਆਂ।

*(ਬਾਹਰ ਜਾਂਦਾ ਹੈ। ਡੂਡੇ ਗੇਂਦ ਸੁੱਟਦਾ ਹੈ, ਬੈਜ਼ੀ ਚੁੱਕਦੀ ਹੈ।)*

ਜੀਟਰ : (ਵਾਪਸ ਆ ਕੇ) ਐਡਾ, ਜਾਹਨ ਵਾਪਸ ਆ ਰਿਹਾ ਏ।

ਐਡਾ : ਹੈਂ ਮਰਿਆ ਹੋਇਆ ਕੈਪਟਨ ਜਾਹਨ ?

ਜੀਟਰ : ਓ ਨਹੀਂ, ਉਹਦਾ ਪੁੱਤਰ ਟਿਮ ਜਾਹਨ।

ਜੀਟਰ : ਰੱਬ ਦਾ ਸ਼ੁਕਰ ਏ। ਐਡਾ ਵੇਖਿਆ ਰੱਬ ਕੋਈ ਨਾ ਕੋਈ ਰਾਹ ਜ਼ਰੂਰ ਕੱਢ ਦੇਂਦਾ ਏ। ਮੈਂ ਤੈਨੂੰ ਕਿਹਾ ਸੀ ਨਾ ਕਿ ਮੈਂ ਜ਼ਰੂਰ ਫ਼ਸਲ ਬੀਜਾਂਗਾ। (ਡੂਡੇ ਵੱਲ ਵੇਖ ਕੇ) ਡੂਡੇ ਜਾ ਤੇ ਖੇਤਾਂ 'ਚ ਘਾਹ ਨੂੰ ਸਾੜਨਾ ਸ਼ੁਰੂ ਕਰ। ਤੀਲਾਂ ਵਾਲੀ ਡੱਬੀ ਜ਼ਰੂਰ ਲਈ ਜਾਈਂ। ਨਹੀਂ ਤੇ ਫੇਰ ਨੱਠਾ ਆਏਂਗਾ। ਤੂੰ ਅਗਲੇ ਖੇਤਾਂ 'ਚ ਜਾ ਰੋਹੀ ਵਾਲਿਆਂ 'ਚ ਮੈਂ ਆਪ ਜਾਵਾਂਗਾ। ਅਸੀਂ ਅੱਜ ਹੀ ਸਾਰੇ ਖੇਤਾਂ ਦਾ ਘਾਹ ਜ਼ਰੂਰ ਸਾੜ ਦਿਆਂਗੇ। ਇਸ ਸਾਲ ਅਸੀਂ ਏਨੀਂ ਫ਼ਸਲ ਉਗਾਵਾਂਗੇ ਕਿ ਵੇਖਣ ਵਾਲੇ ਦੰਗ ਰਹਿ ਜਾਣਗੇ। ਐਡਾ, ਤੂੰ ਅੰਦਰ ਜਾ ਕੇ ਕੁਝ ਖਾਣ ਪੀਣ ਦਾ ਪ੍ਰਬੰਧ ਕਰ, ਜਦੋਂ ਅਸੀਂ ਕੰਮ ਕਰਕੇ ਆਵਾਂਗੇ ਤੇ ਭੁੱਖੇ ਹੋਵਾਂਗੇ।

ਐਡਾ : ਮੈਂ ਕੀ ਬੰਦੋਬਸਤ ਕਰਾਂ, ਘਰ ਵਿਚ ਤਾਂ ਕੁਝ ਖਾਣ ਨੂੰ ਨਹੀਂ।

ਜੀਟਰ : ਫੇਰ ਕੁਝ ਗੁਆਂਢੀਆਂ ਕੋਲੋਂ ਮੰਗ ਲੈ। ਘਰ ਵਾਲੀਆਂ ਨੂੰ ਕੰਮ ਕਰਨ ਵਾਲੇ ਮਰਦਾਂ ਦਾ ਏਨਾਂ ਤਾਂ ਧਿਆਨ ਰੱਖਣਾ ਚਾਹੀਦਾ ਏ। (ਡੂਡੇ ਨੂੰ) ਹੁਣ ਚੱਲ ਇਕ ਮਿੰਟ ਦੀ ਦੇਰ ਨਾ ਕਰ, ਕੈਪਟਨ ਟਿਮ ਦੇ ਆਉਣ ਤੋਂ ਪਹਿਲਾ ਅਸੀਂ ਤਿਅਰੀ ਕਰ ਲਈਏ।

*(ਡੂਡੇ ਬਾਹਰ ਵੱਲ ਜਾਂਦਾ ਹੈ, ਬੈਜ਼ੀ ਉਹਦੇ ਪਿੱਛੋਂ ਕਹਿੰਦੀ ਏ।)*

ਬੈਜ਼ੀ : ਮੈਂ ਕੱਲ ਆਵਾਂਗੀ, ਤੈਨੂੰ ਇਹ ਦੱਸਣ ਵਾਸਤੇ ਕਿ ਰੱਬ ਨੂੰ ਸਾਡੀ ਜੋੜੀ ਮੰਜ਼ੂਰ ਹੈ ਜਾਂ ਨਹੀਂ ? ਮੈਨੂੰ ਪਤਾ ਹੈ ਕਿ ਉਹ ਮੰਜ਼ੂਰੀ ਦੇ ਦੇਵੇਗਾ,

ਉਹ ਆਪਣੇ ਪ੍ਰਚਾਰਕਾਂ ਦੀ ਗੱਲ ਕਦੀ ਨਹੀਂ ਮੋੜਦਾ।

ਡੂਡੇ : ਤੇ ਰੱਬ ਮੇਹਨਤ ਕਰਨ ਵਾਲਿਆਂ ਦਾ ਖਿਆਲ ਵੀ ਰੱਖਦਾ ਏ (ਬਾਂਹ ਉੱਚੀ ਕਰਕੇ) ਹੁਅ...

*(ਇਹ ਬਾਂਹ ਉੱਚੀ ਕਰਨ ਦਾ ਇਹ ਪ੍ਰਭਾਵ ਹੈ ਕਿ ਉਹਦੀ ਕਾਇਆ ਕਲਪ ਹੋ ਗਈ ਏ, ਉਹ ਸ਼ਕਰਕੰਦੀ ਚੋਰੀ ਕਰਨ ਵਾਲੇ ਤੋਂ ਇਕ ਮੇਹਨਤ ਕਰਨ ਵਾਲਾ ਕਿਸਾਨ ਬਣ ਗਿਆ ਹੈ। ਹੋਲੀ ਹੋਲੀ ਫੇਡ ਆਊਟ ਹੁੰਦਾ ਹੈ।)*

## ਐਕਟ ਦੂਜਾ

(ਸੇਵਰ ਦਾ ਵਕਤ, ਬੈਜ਼ੀ ਆਉਂਦੀ ਹੈ। ਬਹੁਤ ਉਤਸ਼ਾਹ ਵਿਚ ਹੈ।)

ਬੈਜ਼ੀ : ਡੂਡੇ... ਓਏ ਡੂਡੇ...

ਜੀਟਰ : ਕੀ ਗੱਲ ਹੋ ਗਈ ਏ, ਏਨੀਂ ਸਵੇਰੇ ਸਵੇਰੇ ਤੈਨੂੰ ਡੂਡੇ ਦੀ ਕੀ ਲੋੜ ਪੈ ਗਈ ਏ ?

ਬੈਜ਼ੀ : ਮੈਂ ਉਹਨੂੰ ਇਕ ਗੱਲ ਦੱਸਣੀ ਏ।

ਜੀਟਰ : ਹਾਂ, ਤੂੰ ਉਹਨੂੰ ਦੱਸਣਾ ਏ ਕਿ ਰੱਬ ਨੇ ਤੈਨੂੰ ਮੰਜ਼ੂਰੀ ਦੇ ਦਿੱਤੀ ਏ ਕਿ ਤੂੰ ਡੂਡੇ ਨਾਲ ਵਿਆਹ ਕਰਵਾ ਲੈ।

ਬੈਜ਼ੀ : ਤੈਨੂੰ ਕਿਸ ਤਰ੍ਹਾਂ ਪਤਾ ਏ ?

ਜੀਟਰ : ਇਹ ਵਾਲ ਧੁੱਪ ਵਿਚ ਚਿੱਟੇ ਨਹੀਂ ਕੀਤੇ, ਮੈਨੂੰ ਪਤਾ ਏ ਕਿ ਰੱਬ ਆਪਣੇ ਪ੍ਰਚਾਰਕਾਂ ਨੂੰ ਕੀ ਕਹਿੰਦਾ ਤੇ ਮੇਹਨਤ ਕਰਨ ਵਾਲੇ ਕਿਸਾਨਾਂ ਨੂੰ ਕੀ ਕਹਿੰਦਾ ਏ। (ਡੂਡੇ ਨੂੰ ਅਵਾਜ਼ ਦੇਂਦਾ ਹੈ) ਡੂਡੇ ਬਾਹਰ ਆ, ਬੈਜ਼ੀ ਨੇ ਤੈਨੂੰ ਉਹ ਗੱਲ ਦੱਸਣੀ ਏ ਜਿਹੜੀ ਰਾਤੀਂ ਰੱਬ ਉਹਦੇ ਕੰਨਾਂ ਵਿਚ ਕਹਿ ਗਿਆ ਏ।

*(ਡੂਡੇ ਬਾਹਰ ਆਉਂਦਾ ਹੈ)*

ਡੂਡੇ : (ਅੱਖਾਂ ਮਲਦਾ ਹੋਇਆ) ਕੀ ਗੱਲ ਏ ?

ਜੀਟਰ : ਪਹਿਲਾਂ ਇਹ ਦੱਸ ਕਿ ਰਾਤੀਂ ਖੇਤਾਂ 'ਚ ਲਾਈ ਅੱਗ ਬੁੱਝ ਗਈ ਕਿ ਨਾ ? ਘਾਹ ਸੜ ਗਿਆ ਏ ਕਿ ਨਹੀਂ ?

ਡੂਡੇ : ਉਹ ਤਾਂ ਦੇਰ ਹੀ ਨਹੀਂ ਲੱਗੀ। ਘਾਹ ਸੁੱਕੀ ਸੀ, ਅੱਗ ਸਭ ਪਾਸੇ ਇਕ ਦਮ ਫੈਲ ਗਈ।

ਜੀਟਰ : ਅਸੀਂ ਹੁਣ ਹੱਲ ਵਾਹਾਂਗੇ। ਖੇਤ ਵਿਚ ਬੀਜ਼ ਬੀਜ਼ਾਂਗੇ। ਕੈਪਟਨ ਦਾ ਪੁੱਤਰ ਆ ਰਿਹਾ ਹੋਣੈ। ਉਹ ਸਾਡੀ ਮਦਦ ਕਰੇਗਾ। ਬੈਜ਼ੀ ਹੁਣ ਤੂੰ ਡੂਡੇ ਨੂੰ ਸਭ ਕੁਝ ਉਹ ਦੱਸ ਦੇ ਜੋ ਰਾਤੀਂ ਰੱਬ ਤੈਨੂੰ ਦੱਸ ਕੇ ਗਿਆ ਏ।

ਬੈਜ਼ੀ : ਰੱਬ ਨੇ ਮੈਨੂੰ ਹਾਂ ਕਰ ਦਿੱਤੀ ਏ, ਮੈਂ ਰਾਤੀਂ ਉਹਦੇ ਨਾਲ ਗੱਲ ਕੀਤੀ ਸੀ ਤਾਂ ਉਹਨੇ ਪਤਾ ਈ ਕੀ ਕਿਹਾ..

ਜੀਟਰ : ਕੀ ਕਿਹਾ ?

ਬੈਜ਼ੀ : ਉਨ੍ਹੇ ਕਿਹਾ ਮੈਂ ਤਾਂ ਡੂਡੇ ਨੂੰ ਬਣਾਇਆ ਹੀ ਤੇਰੇ ਲਈ ਹੈ। ਉਸ ਨੇ ਇਹ ਵੀ ਕਿਹਾ ਕਿ ਸਵਖਤੇ ਮੈਂ ਤੁਹਾਡੇ ਇਥੇ ਆਵਾਂ ਤੇ ਡੂਡੇ ਨੂੰ ਨਾਲ ਲੈ ਕੇ ਰੱਬ ਦੇ ਘਰ ਜਾ ਕੇ ਉਹਦੇ ਨਾਲ ਵਿਆਹ ਕਰ ਲਵਾਂ। ਇਸੇ ਕਰਕੇ ਮੈਂ ਸਵੇਰੇ ਸਵੇਰੇ ਇਥੇ ਆਈ ਹਾਂ। ਰੱਬ ਉਡੀਕ ਵਿਚ ਰਹਿਣਾ ਪਸੰਦ ਨਹੀਂ ਕਰਦਾ।

ਜੀਟਰ : ਤੂੰ ਰੱਬ ਨੂੰ ਆਪਣੇ ਕੰਨਾਂ ਨਾਲ ਕਹਿੰਦਿਆਂ ਸੁਣਿਐ ?

ਬੈਜ਼ੀ : ਹੋਰ ਤੇਰੇ ਕੰਨਾਂ ਨਾਲ ਸੁਣਨਾ ਸੀ ?

ਜੀਟਰ : (ਡੂਡੇ ਨੂੰ) ਹਾਂ ਬਈ ਜਵਾਨਾਂ, ਹੁਣ ਤੇਰਾ ਕੀ ਖਿਆਲ ਏ ? ਰੱਬ ਦੀ ਗੱਲ ਤਾਂ ਤੂੰ ਮੋੜ ਨਹੀਂ ਸਕਦਾ।

ਡੂਡੇ : ਪਰ.. ...

ਬੈਜ਼ੀ : ਤੇ ਜੀਟਰ ਇਕ ਗੱਲ ਮੈਂ ਤੁਹਾਨੂੰ ਹੋਰ ਦੱਸਣੀ ਏ ਇਹ ਮੈਨੂੰ ਰੱਬ ਨੇ ਨਹੀਂ ਕਹੀ ਇਹ ਮੈਂ ਆਪ ਕਰਨੀ ਏ, ਮੈਂ ਨਵੀਂ ਮੋਟਰ ਖਰੀਦਣ ਲੱਗੀ ਆਂ।

ਜੀਟਰ : ਕੀ ਕਿਹਾ, ਨਵੀਂ ਮੋਟਰ ? ਸੱਚ ਕਹਿ ਰਹੀ ਏਂ ?

ਬੈਜ਼ੀ : ਹਾਂ ਨਵੀਂ ਨਕੋਰ। ਮੈਂ ਕੱਲ ਸੌਦਾ ਕਰ ਆਈਂ ਸਾਂ। ਬੱਸ ਹੁਣ ਜਾਣਾ ਏ ਤਾਂ ਕਾਰ ਲੈ ਆਉਣੀ ਏ।

ਜੀਟਰ : ਪੈਸਾ ਕਿਥੋਂ ਲਿਆਵੇਂਗੀ ?

ਬੈਜ਼ੀ : ਮੇਰੇ ਕੋਲ 800 ਡਾਲਰ ਹਨ ਬੈਂਕ 'ਚ।

ਜੀਟਰ : 800 ਡਾਲਰ, ਐਨਾ ਪੈਸਾ, ਪਰ ਲਿਆ ਕਿਥੋਂ ?

ਬੈਜ਼ੀ : ਮੇਰੇ ਕਿਸਾਨ ਪਤੀ ਦਾ ਬੀਮਾ, ਜੋ ਉਹਦੇ ਮਰਨ ਪਿਛੋਂ ਮੈਨੂੰ ਮਿਲ ਗਿਆ ਏ ਤੇ ਹੁਣ ਉਸੇ ਪੈਸੇ ਨਾਲ ਖਰੀਦਾਂਗੀ।

ਜੀਟਰ : ਬੜਾ ਪੈਸਾ ਏ, ਮੈਂ ਤਾਂ ਸੋਚ ਹੀ ਨਹੀਂ ਸਕਦਾ ਕਿ ਕਿਸੇ ਕਿਸਾਨ ਕੋਲ ਏਨਾਂ ਪੈਸਾ ਹੋ ਸਕਦੈ।

ਐਡਾ : ਤੂੰ ਬੈਜ਼ੀ ਇਹ ਸਾਰਾ ਦਾ ਸਾਰਾ ਮੋਟਰ ਖਰੀਦਣ 'ਤੇ ਲੱਗਾ ਦੇਵੇਗੀ।

ਬੈਜ਼ੀ : ਮੈਨੂੰ ਡੂਡੇ ਦੀ ਲੋੜ ਏ ਤੇ ਡੂਡੇ ਨੂੰ ਮੋਟਰ ਦੀ ਤੇ ਨਾਲ ਮੇਰੀ ਵੀ। ਕਿਉਂ ਡੂਡੇ, ਹੈ ਨਾ ?

ਐਡਾ : ਤੂੰ ਮੋਟਰ ਜ਼ਰੂਰ ਖਰੀਦ ਪਰ ਤੈਨੂੰ ਡੈਡੇ ਦੇ ਮਾਂ-ਬਾਪ ਦਾ ਖਿਆਲ ਵੀ ਕਰਨਾ ਚਾਹੀਦੈ, ਕੁਝ ਪੈਸੇ ਮੈਨੂੰ ਦੇਦੇ, ਅਸੀਂ ਅਮਅਜ਼ਕਮ ਰੋਟੀ ਤਾਂ ਖਾ ਸਕਾਂਗੇ, ਫੇਰ ਸਾਡੇ ਵੱਲੋਂ ਇਜ਼ਾਜਤ ਏ ਤੂੰ ਡੂਡੇ ਨੂੰ ਨਾਲ

ਲੈ ਕੇ ਜਿਥੇ ਮਰਜ਼ੀ ਸੈਰ ਕਰੀਂ।

ਬੈਜ਼ੀ : ਨਹੀਂ ਐਡਾ, ਮੈਨੂੰ ਰੱਬ ਨੇ ਇਹ ਨਹੀਂ ਕਿਹਾ ਕਿ ਮੈਂ ਡੂਡੇ ਨੂੰ ਮੁੱਲ ਖਰੀਦਾਂ। ਮੈਂ ਡੂਡੇ ਨੂੰ ਸਿਰਫ਼ ਆਪਣੇ ਕੰਮ ਲਈ ਨਹੀਂ ਲੈ ਚੱਲੀ। ਮੇਰੇ ਨਾਲੋਂ ਜ਼ਿਆਦਾ ਰੱਬ ਦਾ ਕੰਮ ਏ, ਪ੍ਰਾਥਨਾਂ ਦਾ, ਪ੍ਰਚਾਰ ਦਾ। ਇਸੇ ਕਰਕੇ ਮੈਂ ਕਾਰ ਖਰੀਦਣ ਲੱਗੀ ਆਂ, ਅਸੀਂ ਦੋਵੇਂ ਉਸ 'ਚ ਸਵਾਰ ਹੋ ਕੇ ਸਾਰੇ ਦੇਸ਼ ਵਿਚ ਰੱਬ ਦਾ ਪ੍ਰਚਾਰ ਕਰਾਂਗੇ।

ਡੂਡੇ : ਕੀ ਅਸੀਂ ਕਾਰ ਖਰੀਦਣ ਹੁਣੇ ਜਾਵਾਂਗੇ ?

ਬੈਜ਼ੀ : ਹਾਂ ਹੁਣੇ।

ਡੂਡੇ : ਕੀ ਉਹ ਕਾਰ ਮੈਂ ਚਲਾਵਾਂਗਾ ?

ਬੈਜ਼ੀ : ਤੂੰ ਹੀ ਤਾਂ ਚਲਾਵੇਂਗਾ, ਮੈਨੂੰ ਤਾਂ ਚਲਾਉਣੀ ਆਉਂਦੀ ਹੀ ਨਹੀਂ।

ਡੂਡੇ : ਕੀ ਉਹਦੇ ਵਿਚ ਹਾਰਨ ਹੋਵੇਗਾ ?

ਬੈਜ਼ੀ : ਭਲਾ ਹਾਰਨ ਤੋਂ ਬਿਨਾਂ ਕਾਰ ਦਾ ਕੀ ਮਤਲੱਬ ?

ਡੂਡੇ : ਫੇਰ ਅਸੀਂ ਚਲਦੇ ਕਿਉਂ ਨਹੀਂ ? ਇਥੇ ਖੜੇ ਅਸੀਂ ਕੀ ਕਰ ਰਹੇ ਹਾਂ ? ਸਾਨੂੰ ਚਲਣਾ ਚਾਹੀਦੈ।

ਬੈਜ਼ੀ : ਹਾਂ ਸਾਨੂੰ ਚਲਣਾ ਚਾਹੀਦੈ।

*(ਥੈਲਾ ਚੁੱਕ ਕੇ ਬਾਹਰ ਜਾਂਦੀ ਹੈ, ਡੂਡੇ ਵੀ ਉਹਦਾ ਸਾਥ ਦਿੰਦਾ ਹੈ।)f*

ਐਡਾ : ਬੈਜ਼ੀ ਮੇਰੇ ਪੁੱਤਰ ਦਾ ਖਿਆਲ ਰੱਖੀਂ, ਇਹ ਮੇਰੇ ਦਰਜਨ ਬੱਚਿਆਂ ਵਿਚੋਂ ਸਾਰਿਆਂ ਤੋਂ ਛੋਟਾ ਵੀ ਏ ਤੇ ਲਾਡਲਾ ਵੀ ਏ।

ਜੀਟਰ : ਤੇ ਸਾਰਿਆਂ ਨਾਲੋਂ ਮੂਰਖ ਅਤੇ ਨਿਕੰਮਾ ਵੀ ਏ। (ਐਡਾ ਨੂੰ) ਸਾਡਾ ਡੂਡੇ ਬੜੀ ਕਿਸਮਤ ਵਾਲਾ ਏ। ਨਵੀਂ ਮੋਟਰ ਵੀ ਖਰੀਦ ਰਿਹੈ, ਨਵੀਂ ਵਹੁਟੀ ਵੀ। ਬੜੇ ਘੱਟ ਲੋਕ ਨੇ ਜਿਨ੍ਹਾਂ ਨੂੰ ਦੋਵੇਂ ਚੀਜ਼ਾਂ ਇਕੱਠੀਆਂ ਮਿਲ ਜਾਂਦੀਆਂ ਨੇ।

ਐਡਾ : ਜੀਟਰ, ਅੱਜ ਤੂੰ ਸ਼ਹਿਰ ਲਕੜੀਆਂ ਲਿਜਾ ਰਿਹਾ ਏ ਨਾ ?

ਜੀਟਰ : ਨਹੀਂ, ਅੱਜ ਕੈਪਟਨ ਟਿਮ ਆ ਰਿਹੈ, ਮੈਂ ਉਹਨੂੰ ਕੰਮ ਕਰਕੇ ਦਿਖਾਣਾ ਏ, ਇਸ ਲਈ ਅਰਾਮ ਕਰਾਂਗਾ।

ਐਡਾ : ਤੂੰ ਅਰਾਮ ਕਰ ਰਿਹੈਂ ? ਢਿੱਡੋਂ ਭੁੱਖਾ ਰਹਿ ਕੇ ਕਿੰਨਾਂ ਕੁ ਕੰਮ ਕਰ ਲਏਂਗਾ, ਘਰ 'ਚ ਖਾਣ ਨੂੰ ਤਾਂ ਕੁਝ ਵੀ ਨਹੀਂ।

ਜੀਟਰ : ਹੁਣ ਫਿਕਰ ਦੀ ਲੋੜ ਨਹੀਂ, ਹੁਣ ਇਹ ਫਿਕਰ ਕੈਪਟਨ ਟਿਮ ਦਾ ਹੋਏਗਾ... (ਸੋਚ ਕੇ) ਨਾਲੇ ਲਕੜਾਂ ਜੇਕਰ ਲੈ ਕੇ ਜਾਵਾਂ ਤਾਂ ਕਾਹਦੇ 'ਤੇ ਲੈ ਕੇ ਜਾਵਾਂ, ਆਪਣੀ ਮੋਟਰ ਤਾਂ ਇਕ ਦਮ ਨਕਾਰਾ ਏ।

ਐਡਾ : ਜੀਟਰ ਤੇਰਾ ਕੀ ਖਿਆਲ ਏ ਡੂਡੇ ਤੇ ਬੈਜ਼ੀ ਤੈਨੂੰ ਆਪਣੀ ਕਾਰ

ਭਾਰ ਢੋਣ ਲਈ ਦੇ ਦੇਣਗੇ ?

ਜੀਟਰ : ਨਹੀਂ, ਮੈਂ ਤਾਂ ਹੁਣ ਮੰਡੀ ਲਕੜੀ ਲੈ ਕੇ ਜਾਇਆ ਹੀ ਨਹੀਂ ਕਰਾਂਗਾ, ਖੇਤੀ ਕਰਿਆ ਕਰਾਂਗਾ। ਮੈਂ ਇਕ ਦਿਨ ਆਪਣੇ ਪੁੱਤਰ ਟੋਮ ਨੂੰ ਮਿਲਣ ਜ਼ਰੂਰ ਜਾਵਾਂਗਾ ਤੇ ਉਹ ਡੂਡੇ ਦੀ ਕਾਰ 'ਤੇ ਬੈਠ ਕੇ ਜਾਵਾਂਗਾ।

ਐਡਾ : ਜੇਕਰ ਗਿਆ ਤਾਂ ਮੇਰੇ ਬਾਰੇ ਜ਼ਰੂਰ ਦੱਸੀ ਅਤੇ ਕਹੀ ਕਿ ਤੇਰੀ ਬੁੱਢੀ ਮਾਂ ਦੀ ਚਾਹ ਏ ਕਿ ਇਕ ਵਾਰੀ ਨਵੇਂ ਕੱਪੜੇ ਪਾ ਕੇ ਦੇਖਾਂ। ਮੈਨੂੰ ਪਤਾ ਏ ਕਿ ਉਹ ਮੇਰੀ ਖਾਹਸ਼ ਜ਼ਰੂਰ ਪੂਰੀ ਕਰੇਗਾ।

ਜੀਟਰ : ਮੈਂ ਜ਼ਰੂਰ ਗੱਲ ਕਰਾਂਗਾ। ਪਤਾ ਨਹੀਂ ਕਿ ਉਹ ਸਭ ਕੁਝ ਕਰ ਸਕੇਗਾ ਜਾਂ ਨਹੀਂ ? ਹੁਣ ਤੱਕ ਤਾਂ ਉਹਦੇ ਆਪਣੇ ਢੇਰ ਸਾਰੇ ਬੱਚੇ ਹੋ ਗਏ ਹੋਣਗੇ।

ਐਡਾ : ਤੈਨੂੰ ਕਿੰਝ ਪਤਾ ਏ ਕਿ ਢੇਰ ਸਾਰੇ ਹੋ ਗਏ ਹੋਣਗੇ।

ਜੀਟਰ : ਕਿਉਂ ਬੱਚੇ ਹੁੰਦਿਆਂ ਕੋਈ ਦੇਰ ਲੱਗਦੀ ਹੈ ?

ਐਡਾ : ਮੇਰਾ ਜੀਅ ਕਰਦਾ ਏ ਕਿ ਮੈਂ ਆਪਣੇ ਪੋਤਰੇ ਪੋਤਰੀਆਂ ਵੇਖਾਂ। ਬੱਚਿਆਂ ਦੀ ਰੌਣਕ ਕਿੰਨੀ ਹੁੰਦੀ ਏ, ਮੇਰੇ ਸਾਰੇ ਬੱਚੇ ਮੈਥੋਂ ਦੂਰ ਹੋ ਗਏ ਨੇ। ਡੂਡੇ ਵੀ ਚਲਾ ਗਿਐ, ਜੀਟਰ ਡੂਡੇ ਦੀ ਸਾਨੂੰ ਬੜੀ ਰੌਣਕ ਸੀ।

ਜੀਟਰ : ਹਾਂ, ਹਰ ਵਕਤ ਕੋਈ ਨਾ ਕੋਈ ਨਵਾਂ ਮਸਲਾ ਖੜਾ ਕਰੀ ਰੱਖਦਾ ਸੀ, ਕਿਸੇ ਦੀ ਪ੍ਰਵਾਹ ਨਹੀਂ, ਹੋਰ ਨਹੀਂ ਤਾਂ ਗੇਂਦ ਹੀ ਬੁੜਕਾਉਂਦਾ ਰਹੇਗਾ।

*(ਅਚਾਨਕ ਲੋਣ ਆਉਂਦਾ ਹੈ, ਉਹਨੂੰ ਸਾਹ ਚੜ੍ਹਿਆ ਹੋਇਆ ਹੈ)*

ਜੀਟਰ : ਲੋਣ ਤੂੰ… ਕੀ ਗੱਲ ਏ ? (ਥੋੜ੍ਹਾ ਜਿਹਾ ਪਿੱਛੇ ਹੱਟਦਾ ਹੈ)

ਲੋਣ : ਤੂੰ ਘਬਰਾ ਨਾ, ਮੈਂ ਤੈਨੂੰ ਕੁਝ ਨਹੀਂ ਕਹਿਣ ਲੱਗਾ।

ਜੀਟਰ : ਕੱਲ ਦੀ ਚੋਰੀ ਬਾਰੇ ਵੀ ਕੁਝ ਨਹੀਂ ?

ਲੋਣ : ਨਹੀਂ ਕੁਝ ਨਹੀਂ, ਹੁਣ ਤਾਂ ਪਰਲ…

ਐਡਾ : ਕੀ ਹੋਇਆ ਪਰਲ ਨੂੰ ?

ਜੀਟਰ : ਲੋਣ ਕੀ ਹੋਇਆ ਪਰਲ ਨੂੰ ?

ਲੋਣ : ਉਹ… ਉਹ ਘਰੋਂ ਨੱਸ ਗਈ ਏ।

ਐਡਾ : ਨਹੀਂ, ਇਸ ਤਰ੍ਹਾਂ ਨਹੀਂ ਹੋ ਸਕਦਾ, ਜੇ ਉਹ ਨੱਸਦੀ ਤਾਂ ਜ਼ਰੂਰ ਇਥੇ ਆਉਂਦੀ, ਆਪਣੀ ਬੁੱਢੀ ਮਾਂ ਨੂੰ ਮਿਲਕੇ ਜਾਂਦੀ।

ਲੋਣ : ਐਡਾ, ਉਹ ਸੱਚਮੁੱਚ ਨੱਸ ਗਈ ਏ, ਮੇਰੇ ਇਕ ਗੁਆਂਢੀ ਨੇ ਉਸਨੂੰ

ਸ਼ਹਿਰ ਵੱਲ ਤੇਜ਼-ਤੇਜ਼ ਜਾਂਦਿਆਂ ਵੇਖਿਆ ਏ।

ਐਡਾ : ਤੂੰ ਉਹਨੂੰ ਜ਼ਰੂਰ ਕੁਝ ਕਿਹਾ ਹੋਵੇਗਾ, ਸੱਚ ਦੱਸ ਕਿਹਾ ਕਿ ਨਹੀਂ ?

ਲੋਣ : ਨਹੀਂ ਐਡਾ ਨਹੀਂ, ਮੈਂ ਕੁਝ ਨਹੀਂ ਕਿਹਾ। ਉਹ ਬਸ ਮੈਨੂੰ ਛੱਡ ਕੇ ਚਲੀ ਗਈ ਏ। ਤੁਸੀਂ ਮੇਰੀ ਮਦਦ ਕਰੋ, ਮੇਰੀ ਉਹਦੇ ਬਿਨਾਂ ਕੋਈ ਜ਼ਿੰਦਗੀ ਨਹੀਂ, ਜੀਟਰ ਮੈਂ ਤੈਨੂੰ ਉਹਦੇ ਵਿਆਹ 'ਤੇ ਪੂਰੇ 100 ਡਾਲਰ ਦੇ ਤੋਹਫੇ ਦਿੱਤੇ ਸਨ।

ਐਡਾ : ਪਰ ਮੈਨੂੰ ਤੂੰ ਕੁਝ ਵੀ ਨਹੀਂ ਦਿੱਤਾ ਸੀ, ਇਕ ਵੀ ਨਵਾਂ ਕੱਪੜਾ ਨਹੀਂ ਦਿੱਤਾ ਸੀ। ਭਾਵੇਂ ਪਰਲ ਮੇਰੀ ਧੀ ਸੀ, ਜੀਟਰ ਦੀ ਨਹੀਂ।

ਲੋਣ : ਜੀਟਰ ਦੀ ਨਹੀਂ ?

ਜੀਟਰ : ਹਾਂ, ਪਰਲ ਜਦੋਂ ਪੈਦਾ ਹੋਈ ਸੀ ਮੈਂ ਤਾਂ ਪੂਰਾ ਇਕ ਸਾਲ ਘਰ ਨਹੀਂ ਆਇਆ ਸਾਂ। ਕੈਪਟਨ ਜੋਹਨ ਦੇ ਨਵੇਂ ਫਾਰਮ 'ਤੇ ਕੰਮ ਕਰਨ ਗਿਆ ਹੋਇਆ ਸਾਂ।

ਲੋਣ : ਫੇਰ ਪਰਲ ?

ਜੀਟਰ : ਪਤਾ ਨਹੀਂ ਕਿਸ ਦੀ ਧੀ ਏ ? ਰੱਬ ਸਦੀਆਂ ਤੋਂ ਬੰਦੇ ਬਣਾਉਣ ਦਾ ਕੰਮ ਕਰ ਰਿਹਾ ਏ, ਪਰ ਹਾਲੇ ਤੱਕ ਉਹਨੂੰ ਮੋਹਰ ਲਗਾਉਣੀ ਨਹੀਂ ਆਈ ਕਿ ਬੱਚੇ ਦੀ ਪਛਾਣ ਹੋ ਸਕੇ ਕਿ ਉਹ ਕਿਹਦਾ ਹੈ ਤੇ ਕਿਹਦਾ ਨਹੀਂ ? ਉਹ ਇਸ ਘਰ ਵਿਚ ਜੰਮੀ ਪਲੀ ਜ਼ਰੂਰ ਏ ਪਰ ਦੂਜਿਆਂ ਤੋਂ ਵੱਖਰੀ ਏ... ਲੋਣ ਤੂੰ ਹੁਣ ਘਰ ਜਾ, ਉਹਦੀ ਉਡੀਕ ਕਰ, ਉਹ ਵਾਪਸ ਆਏਗੀ। ਔਰਤ ਆਪਣੇ ਘਰ ਦਾ ਮੋਹ ਨਹੀਂ ਛੱਡ ਸਕਦੀ, ਜਿਸ ਤਰ੍ਹਾਂ ਕਿਸਾਨ ਧਰਤੀ ਦਾ ਮੋਹ ਨਹੀਂ ਛੱਡ ਸਕਦਾ। ਜੇ ਇਥੇ ਆਈ ਤਾਂ ਮੈਂ ਪੁਚਾ ਕੇ ਆਵਾਂਗਾ ਤੇਰੇ ਕੋਲ।

ਲੋਣ : ਤੂੰ ਪੁਚਾ ਕੇ ਆਏਂਗਾ ? ਵਾਅਦਾ ਰਿਹਾ ?

ਜੀਟਰ : ਹਾਂ ਵਾਅਦਾ, ਮੈਂ ਦੋ ਵਾਰ ਤੇਰੀ ਸ਼ਕਰਕੰਦੀ ਵੀ ਚੋਰੀ ਕੀਤੀ, ਤੂੰ ਮੈਨੂੰ ਕੁਝ ਨਹੀਂ ਕਿਹਾ, ਕੀ ਮੈਂ ਤੇਰੇ ਲਈ ਏਨਾਂ ਕੰਮ ਵੀ ਨਹੀਂ ਕਰਾਂਗਾ ? ਮੈਂ ਅਹਿਸਾਨ ਫਰਮੋਸ਼ ਨਹੀਂ।

ਲੋਣ : ਅੱਛਾ ਮੈਂ ਉਡੀਕ ਕਰਾਂਗਾ, ਮੈਂ ਤਾਂ ਉਹਦੀ ਉਮਰ ਭਰ ਉਡੀਕ ਕਰ ਸਕਦਾ ਹਾਂ।

*(ਲੋਣ ਜਾਂਦਾ ਹੈ)*

ਜੀਟਰ : ਲੋਣ ਇਕ ਨੰਬਰ ਦਾ ਬੰਦਾ ਹੈ, ਪਤਾ ਨਹੀਂ ਪਰਲ ਕਿਉਂ ਇਹਨੂੰ ਛੱਡ ਗਈ ਏ ? ਮੈਨੂੰ ਤਾਂ ਇਸ ਕੁੜੀ ਨੂੰ ਬਿਲਕੁਲ ਨਹੀਂ ਸਮਝ ਸਕਿਆ।

ਐਡਾ : ਤੂੰ ਸਮਝ ਕਿਸ ਨੂੰ ਸਕਿਆ ਏਂ ?

ਜੀਟਰ : ਪਰਲ ਜੇਕਰ ਇਥੇ ਆਈ ਤਾਂ ਮੈਂ ਉਹਨੂੰ ਲੋਣ ਕੋਲ ਜ਼ਰੂਰ ਛੱਡ ਕੇ ਆਵਾਂਗਾ, ਮੈਨੂੰ ਲੋਣ ਨਾਲ ਪੂਰੀ ਹਮਦਰਦੀ ਏ।

ਐਡਾ : ਪਰ ਮੈਂ ਉਹਨੂੰ ਨਹੀਂ ਜਾਣ ਦੇਵਾਂਗੀ। ਔਰਤਾਂ ਦੇ ਕੋਈ ਹੱਕ ਹੁੰਦੇ ਨੇ।

ਜੀਟਰ : ਪਰ ਇਹ ਹੱਕ ਨਹੀਂ ਕਿ ਉਹ ਆਪਣੇ ਮਰਦਾਂ ਨੂੰ ਛੱਡ ਕੇ ਨੱਸ ਜਾਣ। ਮਰਦ ਦੀ ਔਰਤ ਨੂੰ ਲੋੜ ਏ ਤੇ ਔਰਤ ਨੂੰ ਮਰਦ ਦੀ। ਰੱਬ ਨੇ ਵੀ ਅੱਧੀ ਖਲਕਤ ਮਰਦ ਬਣਾਈ ਏ ਤੇ ਅੱਧੀ ਔਰਤ ਤਾਂ ਜੋ ਇਕ ਨੂੰ ਦੂਜੇ ਦੀ ਥੁੜ ਮਹਿਸੂਸ ਨਾ ਹੋਵੇ। ਮੈਂ ਉਹਨਾਂ ਮਰਦਾਂ ਵਿਚੋਂ ਨਹੀਂ ਜਿਹੜੇ ਆਪਣਾ ਹੱਕ ਸਮਝਣ ਕਿ ਬਿਗਾਨੀਆਂ ਖੁਰਲੀਆਂ 'ਚ ਮੂੰਹ ਮਾਰਦੇ ਰਹਿਣ ਤੇ ਆਪਣੀ ਔਰਤ ਕੋਲੋਂ ਇਹ ਉਮੀਦ ਕਰਨ ਕਿ ਉਹ ਇਕੋ ਕਿੱਲੇ ਨਾਲ ਬੱਝੀ ਰਵੇ। ਹੁਣ ਮੈਂ ਕੈਪਟਨ ਜੋਹਨ ਦੇ ਫਾਰਮ 'ਚ ਇਕ ਸਾਲ ਰਿਹਾ, ਵਾਪਸ ਆਇਆ ਤਾਂ ਤੂੰ ਕਿਸੇ ਮਰਦ ਨਾਲ ਨਾਤਾ ਜੋੜ ਲਿਆ, ਪਰਲ ਪੈਦਾ ਹੋਈ। ਮੈਨੂੰ ਕੋਈ ਸ਼ਿਕਾਇਤ ਨਹੀਂ ਕਿਉਂਕਿ ਮੈਨੂੰ ਪਤਾ ਏ ਤੈਨੂੰ ਮਰਦ ਦੀ ਲੋੜ ਸੀ।

*(ਦੂਰੋਂ ਕਿਸੇ ਮੋਟਰ ਦੇ ਹਾਰਨ ਦੀ ਅਵਾਜ਼ ਆਉਂਦੀ ਏ। ਜੀਟਰ ਖੁਸ਼ੀ ਨਾਲ ਆਪਣਾ ਸਿਰ ਉੱਚਾ ਚੁੱਕਦੈ।)*

ਜੀਟਰ : ਓਹ ਦੇਖ, ਮੋਟਰ ਆ ਰਹੀ ਏ, ਮੇਰਾ ਖਿਆਲ ਏ ਡੂਡੇ ਦੀ ਏ, ਬੈਜ਼ੀ ਤੇ ਡੂਡੇ ਦੀ। (ਬੂਹੇ ਵੱਲ ਵੱਧਦੇ ਹਨ) ਬਿਲਕੁਲ ਨਵੀਂ ਨਕੋਰ ਮੋਟਰ... ਡੂਡੇ ਹਾਰਨ ਵਜਾ ਰਿਹਾ ਏ... ਉਹਨੂੰ ਵਜਾਉਣਾ ਨਹੀਂ ਆਉਂਦਾ... ਨਹੀਂ ਤਾਂ ਨਵੀਂ ਕਾਰ ਦਾ ਹਾਰਨ ਹੋਵੇ ਤਾਂ ਇਹ ਅਵਾਜ਼...ਐਡਾ ਕਾਲੇ ਰੰਗ ਦੀ ਕਾਰ ਏ...ਮੈਂ ਆਪਣੀ ਸਾਰੀ ਉਮਰ ਐਡੀ ਵਧੀਆ ਕਾਰ ਨਹੀਂ ਵੇਖੀ। ਕਾਰ ਬੂਹੇ 'ਤੇ ਆ ਕੇ ਖੜੋ ਵੀ ਗਈ ਏ, ਪਰ ਡੂਡੇ ਹਾਰਨ ਵਜਾਈ ਜਾ ਰਿਹਾ ਏ।

ਜੀਟਰ : ਇਹ ਤਾਂ ਕਮਾਲ ਹੋ ਗਈ ਏ, ਬੈਜ਼ੀ ਮੈਂ ਤਾਂ ਸੋਚ ਵੀ ਨਹੀਂ ਸਕਦਾ ਸਾਂ ਕਿ ਤੁਸੀਂ ਲੋਕੀ ਜਲਦੀ ਨਵੀਂ ਕਾਰ ਲੈ ਕੇ ਆ ਜਾਵੋਗੇ।

ਬੈਜ਼ੀ : ਮੈਂ ਇਹਦੇ 800 ਡਾਲਰ ਖਰਚੇ ਨੇ।

ਜੀਟਰ : ਉਹ ਤਾਂ ਦਿਸਦਾ ਹੀ ਪਿਆ ਏ, ਭਲਾ ਏਨੀਂ ਸ਼ਾਨਦਾਰ ਕਾਰ ਇਸ ਤੋਂ ਘੱਟ ਕੀ ਆਏਗੀ... ਬੈਜ਼ੀ ਕੀ ਥੋੜੇ ਚਿਰ ਲਈ ਮੈਨੂੰ ਚਲਾਉਣ ਵਾਸਤੇ ਦੇਵੇਂਗੀ। ਮੇਰਾ ਜੀਅ ਕਰਦੈ ਕਿ ਮੈਂ ਵੀ ਨਵੀਂ ਮੋਟਰ 'ਤੇ ਚੜ੍ਹਾਂ... (ਹਾਰਨ ਦੀ ਅਵਾਜ) ਇਹ ਡੂਡੇ ਨਿੱਚਲਾ, ਨਹੀਂ ਬੈਠ ਸਕਦਾ, ਬੱਸ ਹੋਰਨ ਹੀ ਵਜਾਈ ਜਾਂਦਾ ਏ।

ਬੈਜ਼ੀ : ਉਹ ਮੈਨੂੰ ਬੁਲਾ ਰਿਹਾ ਏ, ਅਸੀਂ ਸਿਰਫ਼ ਤੁਹਾਨੂੰ ਦੱਸਣ ਆਏ ਸਾਂ।

ਅਸੀਂ ਕਿਸੇ ਇਕੱਲੀ ਥਾਂ ਜਾਵਾਂਗੇ ਜਿਸ ਤਰ੍ਹਾਂ ਨਵਾਂ ਜੋੜਾ ਜਾਂਦਾ ਏ। ਜੀਟਰ ਮੈਂ ਤੈਨੂੰ ਕਾਰ ਦੇਵਾਂਗੀ, ਪਰ ਕੁਝ ਦਿਨਾਂ ਬਾਅਦ।

ਜੀਟਰ : ਚੰਗਾ ਚੰਗਾ, ਮੈਂ ਉਡੀਕ ਕਰ ਸਕਦਾ ਹਾਂ।

ਐਡਾ : ਕੀ ਤੂੰ ਹੁਣ ਪ੍ਰਚਾਰ ਨਹੀਂ ਕਰੇਂਗੀ ?

ਜੀਟਰ : ਕਰੇਗੀ ਕਿਉਂ ਨਹੀਂ ? ਹੁਣ ਤਾਂ ਇਹ ਪੂਰੀ ਅਤੇ ਮੁਕੰਮਲ ਪ੍ਰਚਾਰਕ ਬਣੇਗੀ। ਲੋਕ ਕਹਿਣਗੇ ਮੋਟਰ ਵਾਲੀ ਪ੍ਰਚਾਰਕ ਆ ਰਹੀ ਏ।

*(ਫੇਰ ਹਾਰਨ ਦੀ ਅਵਾਜ਼)*

ਬੈਜ਼ੀ : ਡੂਡੇ ਮੈਂ ਆਈ...

ਜੀਟਰ : ਇਹ ਹੈ ਅਸਲੀ ਵਿਆਹ, ਰੱਬ ਆਪਣੇ ਪ੍ਰਚਾਰਕਾਂ ਦੀਆਂ ਖੁਸ਼ੀਆਂ ਦਾ ਬੜਾ ਖਿਆਲ ਰੱਖਦਾ ਹੈ, ਉਹਨਾਂ ਨੂੰ ਚੜਣ ਲਈ ਕਾਰਾਂ ਦੇਂਦਾ ਏ। ਖੁਸ਼ ਰਵੋ ਮੇਰੇ ਬੱਚਿਓ ! ਇਹ ਦਿਨ ਵਾਰ-ਵਾਰ ਨਹੀਂ ਆਉਣੇ।

*(ਟਿਮ ਅੰਦਰ ਆਉਂਦਾ ਹੈ, ਉਹਦੇ ਨਾਲ ਇਕ ਹੋਰ ਵੀ ਬੰਦਾ ਹੈ।)*

ਟਿਮ : ਜੀਟਰ ਕੀਹਨੂੰ ਹੱਥ ਹਿਲਾ ਰਿਹਾ ਏਂ ?

ਜੀਟਰ : ਕੈਪਟਨ ਟਿਮ ?... ਕੈਪਟਨ ਜਾਹਨ ਦਾ ਪੁੱਤਰ ? (ਬੜਾ ਘੁੱਟ ਕੇ ਉਸਦੇ ਨਾਲ ਹੱਥ ਮਿਲਾਉਂਦਾ ਹੈ, ਫੇਰ ਬਾਹਰ ਜਾ ਕੇ) ਡੂਡੇ, ਜਲਦੀ ਆ ਜਾਣਾ, ਕੈਪਟਨ ਟਿਮ ਆਏ ਨੇ (ਵਾਪਸ ਆ ਕੇ) ਮੇਰਾ ਪੁੱਤਰ ਡੂਡੇ ਹੈ, ਇਹਦਾ ਹੁਣੇ ਹੁਣੇ ਵਿਆਹ ਹੋਇਆ ਏ ਬੈਜ਼ੀ ਨਾਲ। ਉਹ ਪ੍ਰਚਾਰਕ ਏ, ਉਹਦੀ ਮੋਟਰ ਵੀ ਏ।

ਟਿਮ : ਮੋਟਰ ਵਾਲੀ ਪ੍ਰਚਾਰਕ.. (ਕੰਧ ਵੱਲ ਵੇਖ ਕੇ) ਜੀਟਰ ਇਸ ਕੰਧ ਦਾ ਕੀ ਹਾਲ ਹੋਇਆ ਏ ?

ਜੀਟਰ : ਰੱਬ ਦਾ ਸ਼ੁਕਰ ਏ ਕਿ ਇਹ ਅਜੇ ਖਲੋਤੀ ਏ। (ਹੱਥ ਮਿਲਾ ਕੇ) ਬੜੀ ਖੁਸ਼ੀ ਹੋਈ। ਤੁਹਾਨੂੰ ਦੇਖ ਕੇ ਮੈਂ ਬੜਾ ਖੁਸ਼ ਹੋਇਆ ਹਾਂ। ਟਿਮ ਮੈਨੂੰ ਪਤਾ ਸੀ ਕਿ ਤੁਸੀਂ ਆਪਣੀ ਜ਼ਮੀਨ ਨਾਲੋਂ ਵੱਖਰਾ ਨਹੀਂ ਰਹਿ ਸਕਦੇ। ਜਿਹੜਾ ਬੰਦਾ ਪਿੰਡ ਦਾ ਜਮਪਲ ਹੋਵੇ ਉਹ ਸ਼ਹਿਰ ਨਹੀਂ ਰਹਿ ਸਕਦਾ। ਭਾਵੇਂ ਉਹਨੂੰ ਸ਼ਹਿਰ 'ਚ ਕਿੰਨੇ ਅਰਾਮ ਕਿਉਂ ਨਾ ਮਿਲਣ। ਉਹਨੂੰ ਪਿੰਡ ਦੀਆਂ ਖੁੱਲੀਆ ਹਵਾਵਾਂ, ਖੁੱਲਾ ਵਾਤਾਵਰਨ ਯਾਦ ਆਉਂਦਾ ਰਹਿੰਦਾ ਹੈ, ਉਹ ਪਿੰਡ ਵਾਪਸ ਜਾਣ ਵਾਸਤੇ ਤਰਸਦਾ ਰਹਿੰਦਾ ਹੈ।

ਟਿਮ : ਜੀਟਰ, ਤੂੰ ਵੀ ਕਾਫੀ ਬੁੱਢਾ ਹੋ ਗਿਆ ਏਂ, ਤਾਂ ਤੂੰ ਹੁਣ ਛੇਤੀ ਥੱਕ ਵੀ ਜਾਂਦਾ ਹੋਵੇਂਗਾ ?

ਜੀਟਰ : ਨਹੀਂ ਨਹੀਂ, ਐਸੀ ਤਾਂ ਕੋਈ ਗੱਲ ਨਹੀਂ, ਮੈਂ ਅਜੇ ਵੀ ਆਮ ਆਦਮੀ

ਨਾਲੋਂ ਵੱਧ ਕੰਮ ਕਰ ਸਕਦਾ ਹਾਂ। ਮੈਂ ਹਾਲੀ ਵੀ ਖੇਤਾਂ ਨਾਲ ਜੁੜਿਆ ਹੋਇਆ ਹਾਂ। ਭਾਵੇਂ ਸਾਡੇ ਕੋਲ ਪੈਸਾ ਨਹੀਂ ਹੁੰਦਾ, ਪਰ ਰੱਬ ਦੀਆਂ ਦੁਆਵਾਂ ਸਾਡੇ ਨਾਲ ਹੁੰਦੀਆਂ ਨੇ ਤੇ ਕੁਝ ਮੇਹਰਬਾਨੀਆਂ ਆਪ ਵਰਗੇ ਵੱਡੇ ਲੋਕਾਂ ਦੀਆਂ ਵੀ ਨੇ। ਹਰ ਸਮੇਂ ਤੁਸੀਂ ਸਾਡੀ ਗਰੀਬਾਂ ਦੀ ਮਦਦ ਕਰਦੇ ਰਹਿੰਦੇ ਹੋ.. ਹੁਣ ਵੀ ਤੁਸੀਂ ਸਮੇਂ ਸਿਰ ਆ ਪਹੁੰਚੇ ਓ।

ਟਿਮ : ਕੀ ਕਿਹਾ ?

ਜੀਟਰ : ਕੈਪਟਨ ਸਾਹਿਬ ਮੈਨੂੰ ਪੱਕਾ ਪਤਾ ਸੀ ਕਿ ਤੁਸੀਂ ਆ ਜਾਵੋਗੇ, ਅਸੀਂ ਬੀਜ ਖਰੀਦ ਕੇ ਫ਼ਸਲ ਬੀਜਾਂਗੇ, ਇਸੇ ਕਰਕੇ ਅਸੀਂ ਘਾਹ ਨੂੰ ਸਾੜ ਸੁੱਟਿਆ ਏ। ਮੈਂ ਤਾਂ ਹਮੇਸ਼ਾਂ ਤੁਹਾਡੇ ਬਾਰੇ ਹੀ ਗੱਲ ਕਰਦਾ ਹਾਂ।

ਟਿਮ : ਇਹ ਤਾ ਤੇਰੀ ਨੇਕ ਦਿਲੀ ਏ, ਪਰ ਮੈਨੂੰ ਅਫਸੋਸ ਏ ਕਿ ਜੀਟਰ ਮੈਂ ਇਸ ਵਾਰ ਤੇਰੀ ਮਦਦ ਨਹੀਂ ਕਰ ਸਕਾਂਗਾ, ਮੈਂ ਮਜ਼ਬੂਰ ਹਾਂ।

ਜੀਟਰ : ਕੀ ਕਿਹਾ ਕੈਪਟਨ... ?

ਟਿਮ : ਜੀਟਰ, ਮੈਂ ਆਪ ਇਕ ਮੁਸੀਬਤ ਵਿਚ ਫਸਿਆ ਹੋਇਆ ਹਾਂ, ਹੁਣੇ ਹੀ ਮੈਂ ਬੈਂਕ ਤੋਂ ਆਇਆ ਹਾਂ ਤੇ ਬੈਂਕ ਵਾਲੇ ਪੈਸੇ ਸਿਰਫ਼ ਵੰਡਦੇ ਨਹੀਂ ਇਕੱਠਾ ਵੀ ਕਰਦੇ ਨੇ।

ਜੀਟਰ : ਤੁਹਾਡਾ ਮਤਲਬ ਏ ਕਿ ਇਸ ਸਾਲ ਮੇਨੂੰ ਪੈਸਾ ਨਹੀਂ ਮਿਲੇਗਾ, ਮੈਂ ਫ਼ਸਲ ਨਹੀਂ ਬੀਜ ਸਕਾਂਗਾ ?

ਪਾਇਲੇ : ਮੈਂ ਕੀ ਕਹਿ ਸਕਦਾ ਹਾਂ ?

ਜੀਟਰ : ਕੁਝ ਤਾਂ ਤੁਹਾਨੂੰ ਕਹਿਣਾ ਪਵੇਗਾ। ਅਸੀਂ ਇਸ ਵੀਰਾਨ ਧਰਤੀ 'ਤੇ ਇਕ ਆਸ 'ਤੇ ਬੈਠੇ ਹਾਂ ਕਿ ਕਦੀ ਤਾਂ ਕੁਝ ਚੰਗਾ ਹੋਵੇਗਾ।

ਪਾਇਲੇ : ਇਥੇ ਕਦੀ ਕੁਝ ਚੰਗਾ ਨਹੀਂ ਹੋਵੇਗਾ, ਅਸੀਂ ਹੁਣ ਤੈਨੂੰ ਇਸ ਧਰਤੀ ਤੋਂ ਅਜ਼ਾਦ ਕਰਨ ਲਈ ਆਏ ਹਾਂ ਤਾਂ ਜੋ ਤੂੰ ਕਿਧਰੇ ਹੋਰ ਜਾ ਸਕੇ, ਜਿਥੇ ਤੂੰ ਚੰਗੀ ਜ਼ਿੰਦਗੀ ਜੀ ਸਕੇ।

ਜੀਟਰ : ਨਹੀਂ, ਮੈਂ ਇਹ ਧਰਤੀ ਛੱਡ ਕੇ ਨਹੀਂ ਜਾ ਸਕਦਾ। ਤੁਹਾਡਾ ਮਤਲਬ ਏ ਕਿ ਮੈਂ ਜਾ ਕੇ ਮਿਲਾਂ 'ਚ ਕੰਮ ਕਰਾਂ, ਪਰ ਮੈਂ ਆਪਣੇ ਖੇਤਾਂ ਨੂੰ ਛੱਡ ਕੇ ਕਿਵੇਂ ਜਾਵਾਂਗਾ, ਮੈਂ ਇਕ ਕਿਸਾਨ ਹਾਂ।

ਟਿਮ : ਜੇਕਰ ਤੂੰ ਭੁੱਖਾ ਮਰ ਰਿਹਾ ਏਂ ਤਾਂ ਜ਼ਰੂਰ ਜਾਏਂਗਾ।

ਜੀਟਰ : ਇਹਦੇ ਨਾਲ ਕਿਸੇ ਨੂੰ ਕੀ ? ਮੈਂ ਭੁੱਖਾ ਮਰਾ ਜਾਂ ਨਾ ? ਮੈਨੂੰ ਤੁਹਾਡੇ ਪਿਤਾ ਕੈਪਟਨ ਜਾਹਨ ਨੇ ਕਿਹਾ ਸੀ ਕਿ ਮੈਂ ਮਰਦੇ ਦਮ ਤੱਕ ਇਥੇ ਰਹਿ ਸਕਦਾ ਹਾਂ। ਉਹਨੇ ਕਿਹਾ ਸੀ, ਸੱਚਮੁੱਚ ਕਿਹਾ ਸੀ, ਤੁਹਾਨੂੰ ਯਾਦ ਹੋਣਾ ਏ ਟਿਮ, ਜ਼ਰੂਰ ਯਾਦ ਹੋਣਾ ਏ, ਉਹਨੇ ਇਕ ਵਾਰ ਨਹੀਂ ਕਈ ਵਾਰ ਕਿਹਾ ਸੀ।

ਟਿਮ : ਹਾਂ ਜੀਟਰ ਮੈਨੂੰ ਯਾਦ ਏ, ਪਰ ਇਹ ਉਦੋਂ ਤੱਕ ਹੀ ਸੀ ਜਦੋਂ ਤੱਕ ਇਹ ਜ਼ਮੀਨ ਜਾਇਦਾਦ ਸਾਡੀ ਸੀ। ਪਰ ਹੁਣ ਇਹ ਸਾਡੀ ਨਹੀਂ। ਮੈਂ ਇਕ ਵੱਡਾ ਫਾਰਮ ਚਲਾਉਣ ਵਾਸਤੇ ਬੈਂਕ ਤੋਂ ਕਰਜ਼ਾ ਲਿਆ, ਪਰ ਫਾਰਮ ਚੱਲ ਨਹੀਂ ਸਕਿਆ, ਮੈਂ ਕਰਜ਼ਾ ਵਾਪਸ ਨਹੀਂ ਕਰ ਸਕਿਆ। ਇਸ ਲਈ ਇਹ ਜ਼ਮੀਨ ਹੁਣ ਬੈਂਕ ਵਾਲਿਆਂ ਦੀ ਹੋ ਗਈ ਏ।

ਜੀਟਰ : ਮੈਂ ਕੁਝ ਸਮਝਿਆ ਨਹੀਂ। ਪਹਿਲਾਂ ਇਥੇ ਮੇਰਾ ਬਾਪ ਸੀ, ਉਸ ਤੋਂ ਪਹਿਲਾਂ ਮੇਰੇ ਬਾਪ ਦਾ ਬਾਪ ਸੀ। ਪਤਾ ਨਹੀਂ ਸਾਡੀਆਂ ਤੁਹਾਡੀਆਂ ਕਿੰਨੀਆਂ ਪੁਸ਼ਤਾਂ ਇਥੇ ਰਹਿੰਦੀਆਂ ਰਹੀਆਂ ਹਨ। ਮੇਰੇ ਵਡੇਰੇ ਦਸਦੇ ਸਨ ਕਿ ਪਹਿਲਾਂ ਤਾਂ ਇਥੇ ਕੁਝ ਵੀ ਨਹੀਂ ਸੀ, ਉਨ੍ਹਾਂ ਆਪ ਆਪਣੇ ਹੱਥੀਂ ਸੜਕ ਤਿਆਰ ਕੀਤੀ ਸੀ। ਹੁਣ ਇਸ 'ਤੇ ਮੇਰੀ ਜਾਂ ਤੁਹਾਡੀ ਕੋਈ ਮਲਕੀਅਤ ਨਹੀਂ ? ਸਭ ਕੁਝ ਬੈਂਕ ਦਾ ਹੋ ਗਿਆ ਏ। ਉਹਨਾਂ ਨੂੰ ਜਿਨ੍ਹਾਂ ਨੇ ਇਸ ਧਰਤੀ ਵਾਸਤੇ ਕਦੀ ਕੁਝ ਨਹੀਂ ਕੀਤਾ, ਕਦੀ ਵੀ ਨਹੀਂ।

ਟਿਮ : ਹਾਂ ਜੀਟਰ ਇਹ ਗੱਲ ਇਸ ਤਰ੍ਹਾਂ ਹੀ ਏ।

ਜੀਟਰ : ਰੱਬ ਦੀ ਮਾਰ ਪਵੇ ਇਹਨਾਂ ਲੋਕਾਂ 'ਤੇ। ਆਪ ਹੱਥੀਂ ਤਾਂ ਕੁਝ ਕਰ ਸਕਦੇ ਨਹੀਂ ਪਰ ਸਾਨੂੰ ਕਰਦਿਆਂ ਨੂੰ ਜਰਦੇ ਵੀ ਨਹੀਂ। (ਉਤਾਂਹ ਵੱਲ ਵੇਖਦੇ ਹੋਏ) ਪਰ ਇਹ ਰੱਬ ਨੂੰ ਕਿੰਨਾ ਚਿਰ ਧੋਖਾ ਦਿੰਦੇ ਰਹਿਣਗੇ ? ਰੱਬ ਜ਼ਰੂਰ ਗਰੀਬਾਂ ਦੀ ਮਦਦ ਕਰੇਗਾ।

ਟਿਮ : ਹਾਂ ਰੱਬ ਨੂੰ ਕਰਨੀ ਹੀ ਚਾਹੀਦੀ ਹੈ। ਪਰ ਉਹ ਹਾਲੇ ਨਹੀਂ ਕਰ ਰਿਹਾ। ਅਸੀਂ ਤਾਂ ਨਹੀਂ ਚਾਹੁੰਦੇ ਕਿ ਮਿਹਨਤੀਆਂ ਦੇ ਹੱਕ ਖੋਹੇ ਜਾਣ, ਪਰ ਇਥੇ ਇਸ ਫਾਰਮ ਨੂੰ ਹੁਣ ਬੈਂਕ ਵਾਲਿਆਂ ਨੇ ਨਵੇਂ ਤਰੀਕੇ ਨਾਲ ਚਲਾਉਣਾ ਹੈ। ਇਸ ਕਰਕੇ ਤੈਨੂੰ ਇਥੋਂ ਜਾਣਾ ਹੀ ਪਵੇਗਾ।

ਜੀਟਰ : ਕਿਉਂ ? ਜੇਕਰ ਉਹਨੇ ਫਾਰਮ ਚਲਾਉਣਾ ਹੈ ਤਾਂ ਉਹ ਬੰਦੇ ਹੀ ਚਲਾਉਣਗੇ, ਮੇਹਨਤ ਕਰਨ ਵਾਲੇ ਹੱਥ ਚਲਾਉਣਗੇ, ਮਜ਼ਦੂਰ ਚਲਾਉਣਗੇ ਤੇ ਕੋਈ ਵੀ ਮਜ਼ਦੂਰ ਮੇਰੇ ਜਿੰਨਾਂ ਕੰਮ ਨਹੀਂ ਕਰ ਸਕਦਾ, ਮੈਂ ਤੁਹਾਨੂੰ ਯਕੀਨ ਦਵਾਉਂਦਾ ਹਾਂ, ਕੋਈ ਵੀ ਨਹੀਂ, ਮੈਂ ਸਭ ਤੋਂ ਵੱਧ ਕੰਮ ਕਰ ਸਕਦਾ ਹਾਂ।

ਟਿਮ : ਤੇਰੀਆਂ ਗੱਲਾਂ ਠੀਕ ਨੇ, ਪਰ ਇਸ ਜ਼ਮੀਨ ਬਾਰੇ ਸਾਰੀ ਕਾਗਜ਼ੀ ਕਾਰਵਾਈ ਪੂਰੀ ਹੋ ਚੁੱਕੀ ਹੈ।

ਜੀਟਰ : ਫੇਰ ਵੀ ਕੈਪਟਨ ਟਿਮ, ਤੁਸੀਂ ਹੀ ਮੇਰੀ ਕੁਝ ਮਦਦ ਕਰੋ।

ਟਿਮ : ਮੈਂ ਜੀਟਰ ਮਜ਼ਬੂਰ ਹਾਂ, ਬਿਲਕੁਲ ਹੀ ਮਜ਼ਬੂਰ ਹਾਂ। ਜੀਟਰ, ਤੂੰ ਸਭ ਕੁਝ ਸਮਝਣ ਦੀ ਕੋਸ਼ਿਸ਼ ਕਰ। ਮੇਰੀ ਤੈਨੂੰ ਇਹੋ ਸਲਾਹ ਏ ਕਿ ਤੂੰ ਇਹ ਥਾਂ ਛੱਡ ਦੇ ਸ਼ਹਿਰ ਜਾ ਕੇ ਮਿਲ 'ਚ ਕੰਮ ਕਰ, ਮਿਹਨਤ ਕਰ

ਤੇ ਉਹਦਾ ਮੁੱਲ ਲੈ, ਨਾ ਕਿਸੇ ਦੀ ਝਿੜਕ, ਨਾ ਕਿਸੇ ਦਾ ਤਰਲਾ।

ਐਡਾ : ਠੀਕ ਕਹਿੰਦੇ ਨੇ ਇਹ ਲੋਕੀ ਭਾਵੇਂ ਜੋ ਕੁਝ ਕਹਿੰਦੇ ਨੇ ਇਹ ਪੂਰੀ ਤਰ੍ਹਾਂ ਜ਼ੁਲਮ ਏ, ਅਨਿਆ ਏ।

ਜੀਟਰ : ਤੂੰ ਨਾ ਵਿਚ ਬੋਲ, ਮੈਂ ਇਹ ਧਰਤੀ ਨਹੀਂ ਛੱਡ ਸਕਦਾ। ਕੈਪਟਨ ਤੁਸੀਂ ਜ਼ਰੂਰ ਮੇਰੀ ਮਦਦ ਕਰੋ, ਰੱਬ ਵਾਸਤੇ ਮੇਰੀ ਮਦਦ ਕਰੋ। ਮੈਂ ਇਹ ਥਾਂ ਨਹੀਂ ਛੱਡ ਸਕਦਾ, ਮੈਂ ਮਰ ਜਾਵਾਂਗਾ।

ਟਿਮ : ਜੀਟਰ ਇਹ ਤਾਂ ਬੁੱਢਿਆਂ ਵਾਲੀ ਜਿੱਦ ਹੋਹੀ, ਸਮਾਂ ਕਿਥੇ ਦਾ ਕਿਥੇ ਪੁੱਜ ਗਿਆ ਏ ਪਰ ਬਹੁਤੇ ਲੋਕ ਉਥੇ ਦੇ ਉਥੇ ਖੜੇ ਨੇ।

ਜੀਟਰ : ਕੈਪਟਨ ਗਰੀਬ ਬੰਦੇ ਲਈ ਸਮਾਂ ਕਿਧਰੇ ਨਹੀਂ ਪੁੱਜਿਆ, ਉਹ ਉਥੇ ਦਾ ਉਥੇ ਖਲੋਤਾ ਏ। ਤੁਸੀਂ ਜ਼ਰੂਰ ਕੋਈ ਰਾਹ ਲੱਭੋ।

ਟਿਮ : ਇਕ ਰਾਹ ਹੋ ਸਕਦਾ ਹੈ, ਮੈਂ ਬੈਂਕ ਨੂੰ ਸਿਫਾਰਸ਼ ਕਰ ਸਕਦਾ ਹਾਂ ਕਿ ਜਿੰਨਾਂ ਚਿਰ ਇਥੇ ਰਹਿਣਾ ਚਾਹੇ ਰਹਿ ਲਵੇ, ਹਾਂ ਜੇਕਰ ਇਹ ਜ਼ਮੀਨ ਦਾ ਕੁਝ ਕਿਰਾਇਆ ਦੇ ਸਕੇ।

ਜੀਟਰ : ਮੈਂ ਕਿਰਾਇਆ ਕਿਥੋਂ ਦੇਵਾਂਗਾ, ਮੇਰੇ ਕੋਲ ਤਾਂ ਫੁੱਟੀ ਕੋਡੀ ਵੀ ਨਹੀਂ।

ਟਿਮ : ਜੀਟਰ, ਤੂੰ ਆਪ ਨਹੀਂ, ਤੇਰੇ ਬੱਚੇ ਤਾਂ ਦੇ ਸਕਦੇ ਹੋਣਗੇ। ਉਹ ਵੀ ਚਾਹੁਣਗੇ ਕਿ ਤੇਰੇ ਆਖਰੀ ਸਾਹ ਇਥੇ ਹੀ ਨਿਕਲਣ ਜਿਥੇ ਤੂੰ ਸਾਰੀ ਉਮਰ ਜੀਵੀ ਏ।

ਜੀਟਰ : ਨਹੀਂ ਉਹਨਾਂ ਨੂੰ ਇਸ ਧਰਤੀ ਨਾਲ ਕੋਈ ਮੋਹ ਨਹੀਂ। ਇਸ ਪੈਸੇ ਦੇ ਯੁੱਗ ਵਿਚ ਸਭ ਕੁਝ ਬਦਲ ਗਿਆ ਏ। ਸਾਡੀ ਪੀੜ੍ਹੀ ਤੇ ਉਹਨਾਂ ਦੀ ਪੀੜ੍ਹੀ ਵਿਚ ਇਹੀ ਫਰਕ ਏ। ਕੈਪਟਨ ਉਹ ਤੇ ਮੇਰੇ ਮਰਨ 'ਤੇ ਕਫਨ ਪਾਉਣ ਵੀ ਨਹੀਂ ਆਉਣਗੇ।

ਟਿਮ : ਜੀਟਰ ਮੈਨੂੰ ਤੇਰੇ ਨਾਲ ਪੂਰੀ ਹਮਦਰਦੀ ਏ, ਪਰ ਮੈਂ ਇਸ ਵਿਚ ਕੁਝ ਨਹੀਂ ਕਰ ਸਕਦਾ, ਕੋਈ ਵੀ ਕੁਝ ਨਹੀਂ ਕਰ ਸਕਦਾ। ਇਸੇ ਲਈ ਮੈਂ ਆਪ ਤੈਨੂੰ ਕਹਿਣ ਆਇਆਂ ਹਾਂ। ਸਿਰਫ਼ ਇਕ ਹਫ਼ਤਾ ਰਹਿ ਗਿਆ ਏ, ਫੇਰ ਨਵੇਂ ਮਾਲਕ ਆਉਣਗੇ। ਉਹਨਾਂ ਨੇ ਆਪਣੀ ਪਲੈਨ ਨਾਲ ਸਾਰੀ ਧਰਤੀ ਨੂੰ ਨਵੀਂ ਉਸਾਰੀ ਲਈ ਪਧਰਾ ਕਰਨਾ ਹੈ। ਜੀਟ ਮੈਨੂੰ ਅਫ਼ਸੋਸ ਏ ਕਿ ਮੈਂ ਤੇਰੇ ਲਈ ਕੁਝ ਨਹੀਂ ਕਰ ਸਕਿਆ। ਇਸ ਧਰਤੀ ਨਾਲ ਤੇਰੇ ਬਾਪ-ਦਾਦਿਆਂ ਦਾ ਰਿਸ਼ਤਾ ਸੀ, ਮੇਰੇ ਬਾਪ-ਦਾਦਿਆਂ ਦਾ ਰਿਸ਼ਤਾ ਵੀ ਸੀ... ਅੱਜ ਸਾਡਾ ਇਹ ਰਿਸ਼ਤਾ ਟੁੱਟ ਰਿਹਾ ਏ... ਕੀ ਆਖਰੀ ਵਾਰ ਗਲੇ ਵੀ ਨਹੀਂ ਮਿਲੇਂਗਾ ?

*(ਗਲੇ ਮਿਲਦੇ ਹਨ, ਜੀਟਰ ਉਹਦੇ ਵੱਲ ਲਾਚਾਰੀ ਨਾਲ ਵੇਖ ਰਿਹਾ ਏ।)*

ਜੀਟਰ : ਹਾਂ ਕੈਪਟਨ ਸਾਡਾ ਇਹ ਰਿਸ਼ਤਾ ਟੁੱਟ ਗਿਆ ਏ, ਕਿਉਂਕਿ ਇਹ ਖੇਤ ਨਾ ਤੇਰੇ ਰਹੇ ਨੇ ਨਾ ਮੇਰੇ ਰਹੇ ਨੇ।(ਐਡਾ ਨੂੰ) ਐਡਾ ਹੁਣ ਅਸੀਂ ਇਥੇ ਨਹੀਂ ਰਵਾਂਗੇ।

ਐਡਾ : ਕਿਥੇ ਜਾਵਾਂਗੇ ?

ਜੀਟਰ : ਪਤਾ ਨਹੀਂ ਕਿਥੇ ਜਾਵਾਂਗੇ। ਬੰਦਾ ਜਦੋਂ ਆਪਣੀ ਜੜ੍ਹ ਧਰਤੀ ਤੋਂ ਉੱਖੜ ਜਾਏ ਫੇਰ ਉਹਦੇ ਲਈ ਹਰ ਥਾਂ ਇਕੋ ਜਿਹੀ ਹੁੰਦੀ ਏ।

ਐਡਾ : ਤੂੰ ਤੇ ਕਹਿੰਦਾ ਸੀ ਅਸੀਂ ਇਥੇ ਹੀ ਮਰਾਂਗੇ।

ਜੀਟਰ : ਹਾਂ ਇਥੇ ਹੀ ਮਰਦੇ ਜੇ ਪਹਿਲਾ ਅਸੀਂ ਇਥੇ ਜੀਅ ਸਕਦੇ। ਪਰ ਹੁਣ ਅਸੀਂ ਇਥੇ ਨਹੀਂ ਮਰਾਂਗੇ, ਇਥੇ ਸਾਡੀਆਂ ਲਾਸ਼ਾਂ ਰੁਲ ਜਾਣਗੀਆਂ, ਚੂਹੇ ਖਾ ਜਾਣਗੇ।

ਐਡਾ : ਡੂਡੇ ਵੀ ਚਲਾ ਗਿਆ। ਅੱਜ ਉਹਦੇ ਵਿਆਹ ਦੀ ਪਹਿਲੀ ਰਾਤ ਏ।

ਜੀਟਰ : ਹਾਂ, ਉਹਦੇ ਵਿਆਹ ਦੀ ਪਹਿਲੀ ਰਾਤ ਹੋਵੇਗੀ, ਖੁਸ਼ੀਆਂ ਵਾਲੀ ਰਾਤ।ਲੋਣ ਵੀ ਨਹੀਂ ਆਏਗਾ ਪਰਲ ਦੀ ਸ਼ਿਕਾਇਤ ਕਰਨ।ਪਰਲ ਵੀ ਆਪਣਾ ਘਰ ਛੱਡ ਗਈ, ਅਸੀਂ ਵੀ ਇਹ ਧਰਤੀ ਛੱਡ ਜਾਵਾਂਗੇ, ਇਸ ਘਰ ਨੂੰ ਅਲਵਿਦਾ ਕਹਿ ਦੇਵਾਂਗੇ। ਇਹ ਗੱਲ ਗਲਤ ਹੋ ਗਈ ਕਿ ਔਰਤ ਜੀਂਦੇ ਜੀਅ ਆਪਣਾ ਘਰ ਨਹੀਂ ਛੱਡਦੀ ਤੇ ਕਿਸਾਨ ਆਪਣੀ ਧਰਤੀ।

ਐਡਾ : ਕਿੰਨੀ ਰੌਣਕ ਹੁੰਦੀ ਸੀ ਕਿਸੇ ਵੇਲੇ ਸਾਡੇ ਘਰ ਵਿਚ ਬੱਚਿਆਂ ਦੀ, ਡੂਡੇ ਨੇ ਗੇਂਦ ਮਾਰ ਮਾਰ ਕੇ ਕੰਧ ਦੀ ਢਹਿਣ ਵਾਲੀ ਹਾਲਤ ਕਰ ਦਿੱਤੀ ਸੀ।

ਜੀਟਰ : ਹੁਣ ਬੈਂਕ ਵਾਲਿਆਂ ਦੀ ਮਸ਼ੀਨ ਆਵੇਗੀ, ਕੰਧ ਢਾਹ ਦੇਵੇਗੀ, ਸਭ ਕੁਝ ਪੱਧਰਾ ਹੋ ਜਾਵੇਗਾ।

ਐਡਾ : ਸ਼ਾਇਦ ਰੱਬ ਕੁਝ ਭਲਾ ਕਰੇ।

ਜੀਟਰ : ਨਹੀਂ, ਉਹ ਭਲਾ ਨਹੀਂ ਕਰੇਗਾ। ਪੈਸੇ ਵਾਲਿਆਂ ਅੱਗੇ ਉਹਨੇ ਵੀ ਹਥਿਆਰ ਸੁੱਟ ਦਿੱਤੇ ਨੇ, ਜੋ ਕੁਝ ਵੀ ਕਰਨਾ ਏ ਅਸੀਂ ਆਪ ਕਰਾਂਗੇ।(ਐਡਾ ਦਾ ਹੱਥ ਆਪਣੇ ਹੱਥ ਵਿਚ ਲੈਂਦਾ ਹੈ) ਅਸੀਂ ਚੱਲ ਰਹੇ ਹੋਵਾਂਗੇ। ਲੋਕ ਸਾਨੂੰ ਦੇਖਣਗੇ ਤੇ ਪੁੱਛਣਗੇ, ਤੁਸੀਂ ਕੌਣ ਹੋ ? ਮੈਂ ਉੱਚੀ ਸਾਰੀ ਕਹਾਂਗਾ 'ਵੀਰਾਨ ਧਰਤੀ ਦੇ ਵੀਰਾਨ ਲੋਕ'।